Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 107 02/09/2025 www.samajweekly.com samajweekly @samajweekly samajweekly

## ਵਾਹ ਭਾਰਤ ਸਰਕਾਰੇ .....

# ਅਫਗਾਨਿਸਤਾਨ ਨਾਲ ਹਮਦਰਦੀ ਡੁੱਬੇ ਪੰਜਾਬ ਨੂੰ ਦੁਰਕਾਰੇਂ








**ਬਲਬੀਰ ਸਿੰਘ ਬੱਬੀ**

ਹਿਮਾਚਲ ਦੇ ਵਿੱਚ ਲਗਾਤਾਰ ਮੀਂਹ ਪਿਆ ਬੱਦਲ ਫਟੇ ਭਾਰੀ ਮੀਹ ਨੇ ਡੈਮਾਂ ਵਿੱਚ ਪ੍ਰੈਸ਼ਰ ਬਣਾਇਆ ਇਧਰ ਪੰਜਾਬ ਵਿੱਚ ਵੀ ਪਿਛਲੇ ਅੱਠ ਦਸ ਦਿਨ ਤੋਂ ਲਗਾਤਾਰ ਮੀਂਹ ਪੈ ਰਿਹਾ ਹੈ ਹਿਮਾਚਲ ਦੇ ਡੈਮਾਂ ਤੋਂ ਛੱਡੇ ਹੋਏ ਪਾਣੀ ਨੇ ਪੰਜਾਬ ਦੇ ਮੈਦਾਨੀ ਇਲਾਕੇ ਨੂੰ ਬੁਰੀ ਤਰ੍ਹਾਂ ਆਪਣੀ ਲਪੇਟ ਵਿੱਚ ਲੈ ਲਿਆ ਉਧਰ ਲਗਾਤਾਰ ਪੈ ਰਹੇ ਮੀਂਹ ਨੇ ਸਮੁੱਚੇ ਪੰਜਾਬ ਨੂੰ ਜਲ ਥਲ ਕਰ ਦਿੱਤਾ। ਸਰਕਾਰਾਂ ਦੀ ਅਣਗਹਿਲੀ ਦੇ ਕਾਰਨ ਦਰਿਆਵਾਂ ਨਹਿਰਾਂ ਚੋਆਂ ਸੂਇਆ ਕੱਸੀਆਂ ਦੀ ਬਿਲਕੁਲ ਵੀ ਸਫਾਈ ਨਹੀਂ ਹੋਈ ਤੇ ਅਖੀਰ ਨੂੰ ਪੰਜਾਬ ਦੇ ਕਈ ਇਲਾਕਿਆਂ ਦੇ ਵਿੱਚ ਹੜ੍ਹ ਨੇ ਰੰਗ ਦਿਖਾਏ ਹੱਸਦੇ ਵਸਦੇ ਲੋਕ ਹੜ੍ਹ ਦੀ ਮਾਰ ਵਿੱਚ ਆ ਕੇ ਪਾਣੀ ਵਿੱਚ ਘਿਰ ਗਏ। ਲੋਕ ਆਪਣੇ ਘਰ ਘਾਟ ਮਕਾਨ ਡੰਗਰ ਮਾਲ ਘਰੇਲੂ ਸਮਾਨ ਤੱਕ ਛੱਡ ਕੇ ਬਚਾਅ ਦੇ ਲਈ ਹੜ੍ਹਾਂ ਤੋਂ ਬਾਹਰ ਆ ਕੇ ਗੁਜ਼ਾਰਾ ਕਰਨ ਲਈ ਥਾਂ ਦੀ ਭਾਲ ਵਿੱਚ ਆਏ। ਜੋਬਨ ਉੱਤੇ ਆਈਆਂ ਹੋਈਆਂ ਫਸਲਾਂ ਰੁੜ੍ਹ ਗਈਆਂ ਫਸਲਾਂ ਤਾਂ ਕੀ ਜਮੀਨਾਂ ਹੀ ਰੁੜ ਗਈਆਂ। ਜਿਹੜੇ ਲੋਕ ਕਿਸੇ ਤਰੀਕੇ ਨਹੀਂ ਬਾਹਰ ਨਿਕਲ ਸਕਦੇ ਸਨ ਉਹ ਹਾਲੇ ਤੱਕ ਪਾਣੀ ਵਿੱਚ ਘਿਰੇ ਹੋਏ ਹਨ ਬੁਰੇ ਹਾਲਾਤਾਂ ਦੇ ਵਿੱਚ ਆਪਣੇ ਘਰਾਂ ਦੀਆਂ ਛੱਤਾਂ ਦੇ ਉੱਪਰ ਦਿਨ ਕੱਟੀ ਕਰ ਰਹੇ ਹਨ। ਡੰਗਰਾਂ ਦੇ ਹਾਲਾਤ ਅਜਿਹੇ ਬਣੇ ਕਿ ਇੱਕ ਦਮ ਆਏ ਪਾਣੀ ਨੇ ਕਿਲਿਆਂ ਤੋਂ ਰੱਸੇ ਸੰਗਲ ਵੀ ਖੁੱਲਣ ਦਾ ਸਮਾਂ ਨਹੀਂ ਦਿੱਤਾ ਤੇ ਖੁਰਲੀਆਂ ਦੇ ਉੱਪਰ ਹੀ ਡੰਗਰ ਪਾਣੀ ਵਿੱਚ ਤੜਫ਼ ਤੜਫ਼ ਕੇ ਜਾਨ ਦੇ ਗਏ।

ਗੁਰਾਂ ਦੇ ਨਾਂ ਹੇਠ ਵਸਦੇ ਪੰਜਾਬ ਦੇ ਲੋਕਾਂ ਨੇ ਆਪਣੇ ਲੋਕਾਂ ਦਾ ਬਚਾਅ ਕੀਤਾ ਤੇ ਹੁਣ ਤੱਕ ਕਰਦੇ ਆ ਰਹੇ ਹਨ। ਹੜ੍ਹ ਮਾਰੇ ਇਲਾਕਿਆਂ ਦੇ ਵਿੱਚ ਲੋਕ ਖਾਣ ਪੀਣ ਦਾ ਰਾਸ਼ਨ ਘਰੇਲੂ ਸਮਾਨ ਪਾਣੀ ਦੁੱਧ ਤੇ ਪਸ਼ੂਆਂ ਦਾ ਚਾਰਾ ਤੂੜੀ ਆਦ ਲੈ ਕੇ ਪੁੱਜੇ ਤਾਂ ਲੋਕਾਂ ਨੂੰ ਕੁਝ ਸੁੱਖ ਦਾ ਸਾਹ ਆਇਆ। ਪੰਜਾਬ ਭਾਰਤ ਦੇਸ਼ ਦਾ ਹੀ ਹਿੱਸਾ ਹੈ ਪਰ ਦੇਸ਼ ਦੀ ਹੁਕਮਰਾਨ ਧਿਰ ਭਾਜਪਾ ਦੇ ਕਿਸੇ ਵੀ ਵੱਡੇ ਛੋਟੇ ਦਿੱਲੀ ਵਾਲੇ ਪੰਜਾਬ ਵਾਲੇ ਲੀਡਰਾਂ ਤੋਂ ਪੰਜਾਬ ਦੇ ਹੜ੍ਹਾਂ ਸਬੰਧੀ ਹਮਦਰਦੀ ਦੇ ਬੋਲ ਵੀ ਨਾ ਸਰੇ ਕੁਝ ਦੇਣਾ ਲੈਣਾ ਤਾਂ ਬਹੁਤ ਦੂਰ ਦੀ ਗੱਲ ਸ਼ਾਇਦ ਅਜੇ ਪੰਜਾਬੀਆਂ ਨੂੰ ਹੋਰ ਡੁੱਬਣਾ ਦੇਖਦੇ ਹਨ ਫਿਰ ਕੌਮੀ ਆਫ਼ਤ ਦਾ ਐਲਾਨ ਕਰਨਗੇ। ਪਰ ਦੂਜੇ ਪਾਸੇ ਅਫਗਾਨਿਸਤਾਨ ਦੇ ਵਿੱਚ ਭੁਚਾਲ ਆਇਆ ਉੱਥੇ ਵੀ ਨੁਕ-ਸਾਨ ਹੋਇਆ ਮਨੁੱਖਤਾ ਮਰੀ ਜਿਸ ਦਾ ਦੁੱਖ ਹੈ ਪਰ ਸਾਡੇ ਦੇਸ਼ ਦੇ ਹਾਕਮਾਂ ਨੇ ਅਫਗਾਨਿਸਤਾਨ ਦੇ ਲਈ ਤਾਂ ਹਮਦਰਦੀ ਦਿਖਾ ਦਿੱਤੀ ਕਿ ਅਸੀਂ ਭੁਚਾਲ ਦੇ ਵਿੱਚ ਅਫਗਾਨਿਸਤਾਨ ਦੇ ਨਾਲ ਹਾਂ ਹਰ ਸੰਭਵ ਮਦਦ ਕਰਾਂਗੇ ਭਾਰਤ ਦਾ ਇੱਕ ਪ੍ਰਮੁੱਖ ਰਾਜ ਜਿਸ ਨੇ ਸਮੁੱਚੇ ਭਾਰਤ ਦੇ ਅੰਨ ਭੰਡਾਰ ਭਰੇ ਉਹਨਾਂ ਲਈ ਹਮਦਰਦੀ ਭਰੇ ਸ਼ਬਦ ਵੀ ਕਿਸੇ ਕੋਲੋਂ ਨਹੀਂ ਸਰੇ ਇਸ ਤੋਂ ਇਹੀ ਅੰਦਾਜ਼ਾ ਲੱਗਦਾ ਹੈ ਕਿ ਦਿੱਲੀ ਦਰਬਾਰ ਦੇ ਉੱਪਰ ਕੋਈ ਵੀ ਹਕੂਮਤ ਕਾਬਜ਼ ਹੋਵੇ ਪੰਜਾਬ ਦੇ ਨਾਲ ਅੱਖ ਮੈਲੀ ਹੀ ਰਹੇਗੀ ਇਹ ਸਭ ਕੁਝ ਮੌਜੂਦਾ ਹੜ੍ਹਾਂ ਦੇ ਹਾਲਾਤਾਂ ਵਿੱਚੋਂ ਦੇਖਿਆ ਜਾ ਸਕਦਾ ਹੈ।



# ਅਫ਼ਗਾਨਿਸਤਾਨ 'ਚ ਭੂਚਾਲ ਕਾਰਨ 800 ਲੋਕਾਂ ਦੀ ਮੌਤ, 2500 ਜ਼ਖ਼ਮੀ

**ਅਫਗਾਨਿਸਤਾਨ।** ਐਤਵਾਰ ਅੱਧੀ ਰਾਤ ਨੂੰ 11:47 (ਸਥਾਨਕ ਸਮੇਂ) 'ਤੇ ਅਫਗਾਨਿਸਤਾਨ ਵਿੱਚ 6 ਤੀਬਰਤਾ ਦਾ ਭੂਚਾਲ ਆਇਆ। ਇਸ ਵਿੱਚ ਹੁਣ ਤੱਕ 800 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ 2500 ਤੋਂ ਵੱਧ ਲੋਕ ਜ਼ਖਮੀ ਹਨ। ਭੂਚਾਲ ਦੇ ਸਮੇਂ ਜ਼ਿਆਦਾਤਰ ਲੋਕ ਸੌਂ ਰਹੇ ਸਨ, ਜਿਸ ਕਾਰਨ ਉਹ ਇਮਾਰਤਾਂ ਦੇ ਮਲਬੇ ਹੇਠਾਂ ਦੱਬ ਗਏ। ਸ਼ਹਿਰ ਵਿੱਚ ਰਾਤ ਭਰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਤਾਂ ਦੀ ਗਿਣਤੀ ਵਧ ਸਕਦੀ ਹੈ। ਅਮਰੀਕੀ ਭੂ-ਵਿਗਿਆਨ ਸਰਵੇਖਣ (USGS) ਦੇ ਅਨੁਸਾਰ, ਭੂਚਾਲ ਜਲਾਲਾਬਾਦ ਸ਼ਹਿਰ ਤੋਂ ਲਗਭਗ 17 ਮੀਲ ਦੂਰ ਆਇਆ, ਜਿਸਦੀ ਆਬਾਦੀ 2 ਲੱਖ ਹੈ। ਇਹ ਰਾਜਧਾਨੀ ਕਾਬੁਲ ਤੋਂ 150



ਕਿਲੋਮੀਟਰ ਦੂਰ ਹੈ। NYT ਦੀ ਰਿਪੋਰਟ ਦੇ ਅਨੁਸਾਰ, ਜ਼ਿਆਦਾਤਰ ਮੌਤਾਂ ਗੁਆਂਢੀ ਕੁਨਾਰ ਸੂਬੇ ਵਿੱਚ ਹੋਈਆਂ ਹਨ। ਅਲ ਜਜ਼ੀਰਾ ਦੇ ਅਨੁਸਾਰ, ਭੂਚਾਲ ਦੇ ਝਟਕੇ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਅਤੇ ਪੰਜਾਬ ਪ੍ਰਾਂਤਾਂ ਵਿੱਚ ਵੀ ਮਹਿਸੂਸ ਕੀਤੇ ਗਏ। ਇਸ ਦੇ ਨਾਲ ਹੀ ਭਾਰਤ ਦੇ ਗੁਰੂਗ੍ਰਾਮ ਵਿੱਚ ਵੀ ਹਲਕੇ ਝਟਕੇ ਮਹਿਸੂਸ ਕੀਤੇ ਗਏ।

## ਪਾਕਿਸਤਾਨ ’ਚ ਹੈਲੀਕਾਪਟਰ ਹੋਇਆ ਕਰੈਸ਼

**ਗਿਲਗਿਤ ।** ਪੀਓਕੇ ਦੇ ਗਿਲਗਿਤ-ਬਾਲ-ਟਿਸਤਾਨ ਵਿੱਚ ਇੱਕ ਹੈਲੀਕਾਪਟਰ ਹਾਦਸੇ ਵਿੱਚ ਦੋ ਪਾਇਲਟਾਂ ਸਮੇਤ ਪੰਜ ਚਾਲਕ ਦਲ ਦੇ ਮੈਂਬਰਾਂ ਦੀ ਮੌਤ ਹੋ ਗਈ। ਗਿਲਗਿਤ-ਬਾਲਟਿਸਤਾਨ ਸਰਕਾਰ ਦੇ ਬੁਲਾਰੇ ਫੈਜ਼ੁੱਲਾ ਫਾਰਕ ਨੇ ਕਿਹਾ ਕਿ ਇਹ ਹਾਦਸਾ ਦਿਆਮਰ ਜ਼ਿਲ੍ਹੇ ਦੇ ਚਿਲਾਸ ਖੇਤਰ ਵਿੱਚ ਵਾਪਰਿਆ। ਦਿਆਮਰ ਦੇ ਸੀਨੀਅਰ ਪੁਲਿਸ ਸੁਪਰਡੈਂਟ ਅਬਦੁਲ ਹਮੀਦ ਨੇ ਕਿਹਾ ਕਿ ਹੈਲੀਕਾਪਟਰ ਇੱਕ ਨਵੇਂ ਹੈਲੀਪੈਡ ’ਤੇ ਟੈਸਟ ਲੈਂਡਿੰਗ ਕਰ ਰਿਹਾ ਸੀ ਅਤੇ ਇਹ ਹਾਦਸਾ ਵਾਪਰ ਗਿਆ। ਜਦਕਿ ਹਾਦਸੇ ਦੇ ਸਹੀ ਕਾਰਨ ਸਬੰਧੀ ਕੋਈ ਸਪੱਸ਼ਟ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ। ਹਾਲ ਹੀ ਦੇ ਹਫ਼ਤਿਆਂ ਵਿੱਚ ਇਹ ਦੂਜਾ ਹੈਲੀਕਾਪਟਰ ਹਾਦਸਾ ਹੈ ਜਦਕਿ ਪਿਛਲੇ ਮਹੀਨੇ ਖੈਬਰ ਪਖਤੂਨਖਵਾ ਸਰਕਾਰ ਦੇ ਇੱਕ ਹੈਲੀਕਾਪਟਰ ਦੇ ਹਾਦਸੇ ਦੀ ਘਟਨਾ ਸਾਹਮਣੇ ਆਈ ਸੀ।




VACANCY

URGENT REQUIREMENT

Company Name - Rk Drafting Hub

Working Place - Office In Nakodar

2 Hiring For

Architecture Draftperson Or Civil Engineer.

Starting Salary Rs. 15000 Per Month.

Exprience Requirement -

Auto Cad (Must Required) Sketch Up

Do not call, only send the CV

on Whatsapp number - 98723 76093

Email: rk_drafting_hub@outlook.com



Samaj Weekly

ਸਮਾਜ ਵੀਕਲੀ

Editor-in-chief

Devinder Chander

+44 7878 456 484

Editorial Office

Samaj Weekly

Samaj Media Enterprise Ltd

46 Summer Road

Erdington,Birmingham UK

B23 6UR

+44 7878 456 484

+44 121 565 4810

info@samajweekly.com

samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


## ਹਿਮਾਚਲ ਪ੍ਰਦੇਸ਼ ਦੇ ਚਾਰ ਜ਼ਿਲ੍ਹਿਆਂ ਲਈ ਭਾਰੀ ਮੀਂਹ ਦਾ ਰੈਡ ਅਲਰਟ ਜਾਰੀ

**ਸ਼ਿਮਲਾ।** ਹਿਮਾਚਲ ਪ੍ਰਦੇਸ਼ ਦੇ ਵੱਖ-ਵੱਖ ਇਲਾਕਿਆਂ ਵਿੱਚ ਭਾਰੀ ਮੀਂਹ ਪੈਣ ਦੀ ਪੇਸ਼ੀਨਗੋਈ ਦਰਮਿਆਨ ਮੌਸਮ ਵਿਭਾਗ ਨੇ ਅਗਲੇ ਕੁਝ ਘੰਟਿਆਂ ਲਈ ਊਨਾ, ਸਿਰਮੌਰ, ਬਿਲਾਸਪੁਰ ਅਤੇ ਸੋਲਨ ਜ਼ਿਲ੍ਹਿਆਂ ਲਈ ਰੈਡ ਅਲਰਟ ਜਾਰੀ ਕੀਤਾ ਹੈ। ਸ਼ਿਮਲਾ, ਇਸ ਦੇ ਨਾਲ ਲੱਗਦੇ ਖੇਤਰਾਂ ਅਤੇ ਰਾਜ ਦੇ ਬਾਕੀ ਹਿੱਸਿਆਂ ਲਈ ਸੰਤਰੀ ਚੇਤਾਵਨੀ ਜਾਰੀ ਕੀਤੀ ਗਈ ਹੈ, ਜਿਸ ਦੇ ਸਿੱਟੇ ਵਜੋਂ ਕੁਝ ਥਾਵਾਂ ਤੇ ਭਾਰੀ ਮੀਂਹ ਪੈ ਸਕਦਾ ਹੈ। ਇਹਤਿਆਤ ਵਜੋਂ ਪੰਜ ਕੌਮੀ ਸ਼ਾਹਰਾਹਾਂ ਸਮੇਤ 793 ਸੜਕਾਂ ਨੂੰ ਵਾਹਨਾਂ ਦੀ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਹੈ। ਸੂਬਾਈ ਐਮਰਜੈਂਸੀ ਆਪ੍ਰੇਸ਼ਨ ਸੈਂਟਰ ਮੁਤਾਬਕ ਮੰਡੀ ਵਿੱਚ ਐਨ ਐਚ 3 ਸਮੇਤ 266 ਸੜਕਾਂ ਬੰਦ ਹਨ; ਕੁੱਲੂ ਵਿੱਚ ਐਨ ਐਚ 305 ਸਮੇਤ 176 ਸੜਕਾਂ, ਸਿਰਮੌਰ ਵਿੱਚ ਐਨ ਐਚ 707 ਅਤੇ 907 ਸਮੇਤ 138 ਸੜਕਾਂ; ਸੋਲਨ ਵਿੱਚ 68, ਕਾਂਗੜਾ ਵਿੱਚ 61, ਊਨਾ ਵਿੱਚ 30, ਬਿਲਾਸਪੁਰ ਵਿੱਚ 28, ਲਾਹੌਲ ਅਤੇ ਸਪਿਤੀ ਵਿੱਚ 13, ਕਿਨੌਰ ਵਿੱਚ ਐਨ ਐਚ 5 ਸਮੇਤ 12 ਅਤੇ ਹਮੀਰਪੁਰ ਜ਼ਿਲ੍ਹੇ ਵਿੱਚ ਇੱਕ ਸੜਕ ਬੰਦ ਹੈ। ਇਸ ਤੋਂ ਇਲਾਵਾ 2,174 ਡਿਸਟ੍ਰੀਬਿਊਸ਼ਨ ਟ੍ਰਾਂਸਫਾਰਮਰ- ਸੋਲਨ ਵਿੱਚ 899, ਕੁੱਲੂ ਵਿੱਚ 457, ਮੰਡੀ ਵਿੱਚ 352, ਊਨਾ ਵਿੱਚ 267, ਲਾਹੌਲ ਅਤੇ ਸਪਿਤੀ ਵਿੱਚ 146, ਕਿਨੌਰ ਵਿੱਚ 51 ਅਤੇ ਕਾਂਗੜਾ ਜ਼ਿਲ੍ਹੇ ਵਿੱਚ ਦੋ- ਅਜੇ ਵੀ ਠੱਪ ਹਨ, ਜਿਸ ਨਾਲ ਰਾਜ ਦੇ ਕਈ ਖੇਤਰਾਂ



ਵਿੱਚ ਬਿਜਲੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਭਾਰੀ ਮੀਂਹ ਕਾਰਨ ਜ਼ਮੀਨ ਖਿਸਕਣ ਕਰਕੇ ਸ਼ਿਮਲਾ ਜ਼ਿਲ੍ਹੇ ਵਿੱਚ ਪਿਓ ਧੀ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ। ਇਸ ਦੌਰਾਨ, ਰਾਜ ਵਿੱਚ ਪਿਛਲੇ 24 ਘੰਟਿਆਂ ਵਿੱਚ ਭਾਰੀ ਤੋਂ ਬਹੁਤ ਭਾਰੀ ਮੀਂਹ ਜਾਰੀ ਹੈ। ਬਿਲਾਸਪੁਰ ਵਿੱਚ 115.8 ਮਿਲੀਮੀਟਰ, ਪਾਉਂਟਾ ਸਾਹਿਬ ਵਿੱਚ 109.6 ਮਿਲੀਮੀਟਰ, ਬਿਲਾਸਪੁਰ ਵਿੱਚ 80.8 ਮਿਲੀਮੀਟਰ, ਸੁੰਦਰਨਗਰ ਵਿੱਚ 40 ਮਿਲੀਮੀਟਰ, ਪਾਲਮਪੁਰ ਵਿੱਚ 23 ਮਿਲੀਮੀਟਰ, ਮਨਾਲੀ ਵਿੱਚ 23 ਮਿਲੀਮੀਟਰ, ਮਾਨਵਲੀ ਵਿੱਚ 23 ਮਿਲੀਮੀਟਰ, ਕਾਂਗੜਾ 18.2 ਮਿਲੀਮੀਟਰ, ਧਰਮਸ਼ਾਲਾ 12.6 ਮਿਲੀਮੀਟਰ ਤੇ ਕੀਲੋਂਨ ਵਿਚ 10 ਮਿਲੀਮੀਟਰ ਪਿਆ।


ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਚੇਨਈ 'ਚ ਫਟਿਆ ਬੱਦਲ, ਕੁੱਝ ਹੜ੍ਹ ਪ੍ਰਭਾਵਤ ਸੂਬਿਆਂ ਵਿਚ ਤਾਜ਼ਾ ਮੀਂਹ ਨੇ ਹਾਲਾਤ ਹੋਰ ਬਦਤਰ ਕੀਤੇ

**ਚੇਨਈ।** ਭਾਰਤ ਦੇ ਕੁੱਝ ਹਿੱਸਿਆਂ 'ਚ ਐਤਵਾਰ ਨੂੰ ਹੋਈ ਤਾਜ਼ਾ ਮੀਂਹ ਨੇ ਹੜ੍ਹ ਪ੍ਰਭਾਵਤ ਕੁੱਝ ਸੂਬਿਆਂ ਦੀਆਂ ਮੁਸ਼ਕਲਾਂ ਵਧਾ ਦਿਤੀਆਂ ਹਨ, ਜਿੱਥੇ ਦਰਿਆਵਾਂ 'ਚੋਂ ਨਿਕਲਿਆ ਪਾਣੀ ਨਵੇਂ ਇਲਾਕਿਆਂ 'ਚ ਫੈਲ ਗਿਆ, ਸੜਕਾਂ ਬੰਦ ਹੋ ਗਈਆਂ ਹਨ ਅਤੇ ਵਿਦਿਅਕ ਸੰਸਥਾਵਾਂ 'ਚ ਛੁੱਟੀਆਂ ਕਰ ਦਿਤੀਆਂ ਗਈਆਂ ਹਨ। ਉਤਰਾਖੰਡ ਦੇ ਪਿਥੌਰਾਗੜ੍ਹ 'ਚ ਮੀਂਹ ਕਾਰਨ ਜ਼ਮੀਨ ਖਿਸਕਣ ਦੇ ਨਤੀਜੇ ਵਜੋਂ ਇਕ ਬਿਜਲੀ ਪ੍ਰਾਜੈਕਟ ਦੀਆਂ ਸੁਰੰਗਾਂ ਬੰਦ ਹੋ ਗਈਆਂ, ਜਿਸ 'ਚ 19 ਲੋਕ ਫਸ ਗਏ। ਜ਼ਮੀਨ ਖਿਸਕਣ ਕਾਰਨ ਧੌਲੀਗੰਗਾ ਪਾਵਰ ਪ੍ਰਾਜੈਕਟ ਦੀਆਂ ਆਮ ਅਤੇ ਐਮਰਜੈਂਸੀ ਸੁਰੰਗਾਂ ਬੰਦ ਹੋ ਗਈਆਂ, ਜਿਸ ਕਾਰਨ ਨੈਸ਼ਨਲ ਹਾਈਡ੍ਰੋਇਲੈਕਟ੍ਰਿਕ ਪਾਵਰ ਕਾਰਪੋਰੇਸ਼ਨ ਲਿਮਟਿਡ (ਐੱਨ.ਐੱਚ.ਪੀ.ਸੀ.) ਦੇ 19 ਕਰਮਚਾਰੀ ਕਈ ਘੰਟਿਆਂ ਤਕ ਇਕ ਪਾਵਰ ਹਾਊਸ 'ਚ ਫਸੇ ਰਹੇ। ਇਕ ਅਧਿਕਾਰੀ ਨੇ ਦਸਿਆ ਕਿ ਮਲਬੇ ਨੂੰ ਸਾਫ ਕਰਨ ਲਈ ਸਰਹੱਦੀ ਸੜਕ ਸੰਗਠਨ ਦੀਆਂ ਜੇ.ਸੀ.ਬੀ. ਮਸ਼ੀਨਾਂ ਅਤੇ ਇਕ ਢੋਆ-ਢੁਆਈ ਕਰਨ ਵਾਲੀ ਕੰਪਨੀ



ਤਾਇਨਾਤ ਕੀਤੀ ਗਈ ਹੈ। ਹਿਮਾਚਲ ਪ੍ਰਦੇਸ਼ 'ਚ ਮੌਸਮ ਵਿਭਾਗ ਨੇ ਅਗਲੇ ਤਿੰਨ ਦਿਨਾਂ ਵਿਚ ਬਹੁਤ ਭਾਰੀ ਤੋਂ ਬਹੁਤ ਭਾਰੀ ਮੀਂਹ ਦਾ 'ਰੈੱਡ' ਅਲਰਟ ਜਾਰੀ ਕੀਤਾ ਹੈ ਅਤੇ ਜ਼ਮੀਨ ਖਿਸਕਣ, ਹੜ੍ਹ ਅਤੇ ਜ਼ਮੀਨ ਡਿੱਗਣ ਦੀ ਚੇਤਾਵਨੀ ਦਿਤੀ ਹੈ। ਹਿਮਾਚਲ ਪ੍ਰਦੇਸ਼ ਵਿਚ ਅਧਿਕਾਰੀਆਂ ਨੇ ਦਸਿਆ ਕਿ ਜ਼ਮੀਨ ਖਿਸਕਣ ਅਤੇ ਹੜ੍ਹਾਂ ਨੇ ਸੂਬੇ ਦੇ ਕਈ ਹਿੱਸਿਆਂ 'ਚ ਤਬਾਹੀ ਮਚਾਈ ਹੈ, ਜਿਸ ਕਾਰਨ ਐਤਵਾਰ ਸਵੇਰੇ ਤਿੰਨ ਕੌਮੀ ਰਾਜਮਾਰਗਾਂ ਸਮੇਤ 666 ਸੜਕਾਂ ਬੰਦ ਕਰ ਦਿਤੀਆਂ ਗਈਆਂ। ਰਾਜ ਐਮਰਜੈਂਸੀ ਆਪਰੇਸ਼ਨ ਸੈਂਟਰ ਨੇ ਦਸਿਆ ਕਿ 20 ਜੂਨ ਤੋਂ 30 ਅਗੱਸਤ ਤਕ ਹਿਮਾਚਲ ਪ੍ਰਦੇਸ਼ 'ਚ 91 ਹੜ੍ਹ, 45 ਬੱਦਲ ਫਟਣ ਅਤੇ 95 ਵੱਡੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ ਹਨ। ਸੂਬੇ ਨੂੰ ਇਸ ਮਾਨਸੂਨ ਦੌਰਾਨ 3,056 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਅਤੇ ਮੀਂਹ ਨਾਲ ਸਬੰਧਤ ਘਟਨਾਵਾਂ ਅਤੇ ਸੜਕ ਹਾਦਸਿਆਂ 'ਚ 320 ਲੋਕਾਂ ਦੀ ਮੌਤ ਹੋ ਚੁਕੀ ਹੈ। ਜਦਕਿ ਤਾਮਿਲਨਾਡੂ ਦੇ ਚੇਨਈ ਨੇੜੇ ਬੱਦਲ ਫਟਣ ਕਾਰਨ ਸ਼ਹਿਰ ਵਿਚ ਭਾਰੀ ਬਾਰਸ਼ ਹੋਈ ਅਤੇ ਉਡਾਣਾਂ ਦਾ ਮਾਰਗ ਬਦਲਣਾ ਪਿਆ। ਖੇਤਰੀ ਮੌਸਮ ਵਿਗਿਆਨ ਕੇਂਦਰ ਨੇ ਦਸਿਆ ਕਿ ਤਾਮਿਲਨਾਡੂ ਦੀ ਰਾਜਧਾਨੀ ਚੇਨਈ 'ਚ ਰਾਤ ਭਰ ਭਾਰੀ ਬਾਰਸ਼ ਹੋਈ ਅਤੇ ਉੱਤਰੀ ਗੁਆਂਢੀ ਸ਼ਹਿਰ ਮਨਾਲੀ 'ਚ ਬੱਦਲ ਫਟਣ ਦੀ ਘਟਨਾ ਵਾਪਰੀ। ਹਵਾਈ ਅੱਡੇ ਦੇ ਅਧਿਕਾਰੀਆਂ ਮੁਤਾਬਕ ਚੇਨਈ ਹਵਾਈ ਅੱਡੇ ਉਤੇ ਪਹੁੰਚਣ ਵਾਲੀਆਂ ਕੁੱਝ ਉਡਾਣਾਂ ਨੂੰ ਬੈਂਗਲੁਰੂ ਵਲ ਮੋੜ ਦਿਤਾ ਗਿਆ।

## ਸੁਖਨਾ ਝੀਲ ਵਿੱਚ ਪਾਣੀ ਖਤਰੇ ਦਾ ਨਿਸ਼ਾਨ ਟੱਪਿਆ, ਦੋ ਫਲੱਡ ਗੇਟ ਖੋਲ੍ਹੇ



**ਚੰਡੀਗੜ੍ਹ।** ਚੰਡੀਗੜ੍ਹ ਅਤੇ ਨੇੜਲੇ ਇਲਾਕਿਆਂ ਵਿੱਚ ਅੱਜ ਤੜਕੇ ਤੋਂ ਲਗਾਤਾਰ ਪੈ ਰਹੇ ਮੀਂਹ ਕਰਕੇ ਸੁਖਨਾ ਝੀਲ ਵਿੱਚ ਪਾਣੀ ਖਤਰੇ ਦੇ ਨਿਸ਼ਾਨ 1163 ਫੁੱਟ ਨੂੰ ਟੱਪ ਗਿਆ। ਝੀਲ ਵਿੱਚ ਪਾਣੀ ਵੱਧਦਾ ਦੇਖ ਯੂਟੀ ਪ੍ਰਸ਼ਾਸਨ ਨੇ ਸੁਖਨਾ ਝੀਲ ਦੇ ਰੈਗੂਲੇਟਰੀ ਐਂਡ ਉੱਤੇ ਸਥਿਤ ਤਿੰਨ ਫਲੱਡ ਗੇਟਾਂ ਵਿੱਚੋਂ ਦੋ ਖੋਲ੍ਹ ਦਿੱਤੇ ਹਨ। ਹਾਲਾਂਕਿ ਫਲੱਡ ਗੇਟ ਖੋਲ੍ਹਣ ਦੇ ਬਾਵਜੂਦ ਵੀ ਸੁਖਨਾ ਝੀਲ ਵਿੱਚ ਪਾਣੀ ਦਾ ਪੱਧਰ ਵਧਣਾ ਲਗਾਤਾਰ ਜਾਰੀ ਹੈ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਫਲੱਡ ਥੋੜੇ-ਥੋੜੇ ਖੋਲ੍ਹੇ ਹਨ ਪਰ ਪਾਣੀ ਵਧਣ ਉੱਤੇ ਵਾਧੂ ਖੋਲ੍ਹੇ ਜਾ ਸਕਦੇ ਹਨ। ਸੁਖਨਾ ਝੀਲ ਦੇ ਫਲੱਡ ਗੇਟ ਖੋਲ੍ਹਣ ਕਰਕੇ ਵੱਡੀ ਨਦੀ ਵਿੱਚ ਵੀ ਪਾਣੀ ਦਾ ਪੱਧਰ ਵੱਧ ਗਿਆ ਹੈ, ਜਿਸ ਕਰਕੇ ਮੁਹਾਲੀ, ਪਟਿਆਲਾ, ਸੰਗਰੂਰ ਅਤੇ ਮਾਨਸਾ ਨੂੰ ਵੀ ਹੜ੍ਹਾਂ ਦਾ ਖਤਰਾ ਸਤਾਉਣ ਲੱਗ ਪਿਆ ਹੈ। ਦੱਸਣਯੋਗ ਹੈ ਕਿ ਇਸ ਵਾਰ ਸੁਖਨਾ ਝੀਲ ਵਿੱਚ ਵਾਰ-ਵਾਰ ਪਾਣੀ ਦਾ ਪੱਧਰ ਵਧਣ ਤੇ ਅੱਜ ਅੱਠਵੀਂ ਵਾਰ ਸੁਖਨਾ ਝੀਲ ਦੇ ਫਲੱਡ ਗੇਟ ਖੋਲ੍ਹੇ ਗਏ ਹਨ।

SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਵਿਖੇ ਫਰੈਸ਼ਰ ਅਤੇ ਫੇਅਰਵੈਲ ਪਾਰਟੀ ਆਗਾਜ਼ 2025 ਦਾ ਆਯੋਜਨ

## ਮਿਸ ਫਰੈਸ਼ਰ ਸੁਖਮਨੀ ਕੌਰ ਅਤੇ ਮਿਸਟਰ ਫਰੈਸ਼ਰ ਮਨੀਸ਼ ਕੁਮਾਰ ਚੁਣੇ ਗਏ

**ਬੰਗਾ (ਚਰਨਜੀਤ ਸ ੱਲ੍ਹਾਂ)** ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਵੱਲੋਂ ਸਾਲ 2025 ਦੇ ਬੀ. ਐਸ. ਸੀ. ਅਤੇ ਐਮ. ਐਸ. ਸੀ. ਦੇ ਨਵੇਂ ਬੈਚਾਂ ਦੇ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਅਤੇ ਪਹਿਲੇ ਬੈਚ ਦੇ ਵਿਦਿਆਰਥੀਆਂ ਦੀ ਵਿਦਾਇਗੀ ਲਈ ਫਰੈਸ਼ਰ ਪਾਰਟੀ ਅਤੇ ਫੇਅਰਵੈੱਲ ਪਾਰਟੀ ਅਗਾਜ਼ 2025 ਦਾ ਆਯੋਜਨ ਢਾਹਾਂ ਕਲੇਰਾਂ ਵਿਖੇ ਕੀਤਾ ਗਿਆ, ਜਿਸ ਵਿਚ ਮਿਸ ਫਰੈਸ਼ਰ ਸੁਖਮਨੀ ਕੌਰ ਅਤੇ ਮਿਸਟਰ ਫਰੈਸ਼ਰ ਮਨੀਸ਼ ਕੁਮਾਰ ਚੁਣੇ ਗਏ । ਇਸ ਸਮਾਰੋਹ ਦੇ ਮੁੱਖ ਮਹਿਮਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਅਤੇ ਸਾਬਕਾ ਪ੍ਰਧਾਨ ਸ. ਮਲਕੀਅਤ ਸਿੰਘ ਬਾਹੜੋਵਾਲ ਸਨ । ਫਰੈਸ਼ਰ ਪਾਰਟੀ ਦਾ ਸ਼ੁਭ ਆਰੰਭ ਮਹਿਮਾਨਾਂ ਵੱਲੋਂ ਸ਼ਮਾਂ ਰੌਸ਼ਨ ਕਰਨ ਉਪਰੰਤ ਹੋਇਆ । ਇਸ ਮੌਕੇ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਨੇ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕਰਦੇ ਉਹਨਾਂ ਨੂੰ ਅਨੁਸ਼ਾਸ਼ਨ ਵਿਚ ਰਹਿੰਦੇ ਹੋਏ ਡਿਗਰੀ ਕੋਰਸਾਂ ਦੀ ਵਧੀਆ ਪੜ੍ਹਾਈ ਕਰਕੇ ਅਵੱਲ ਪੁਜ਼ੀਸਨਾਂ ਹਾਸਲ ਕਰਕੇ ਆਪਣਾ, ਆਪਣੇ ਮਾਪਿਆਂ ਅਤੇ ਆਪਣੇ ਕਾਲਜ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਆ । ਉਹਨਾਂ ਕਿਹਾ ਕਿ ਇਸ ਕਾਲਜ ਵਿਚ ਸਿਰਫ਼ ਕਿਤਾਬੀ ਗਿਆਨ ਹੀ ਨਹੀਂ ਸਿਖਾਇਆ ਜਾਂਦਾ, ਸਗੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ । ਜਿਸ ਦੇ ਨਾਲ ਕਾਲਜ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਅਕਾਦਮਿਕ ਮੌਕੇ ਮਿਲਦੇ ਹਨ । ਉਹਨਾਂ ਨੇ ਕਾਲਜ ਦੇ ਪਹਿਲੇ ਬੈਚ ਦੇ ਪਾਸਆਊਟ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਉਹਨਾਂ ਦੇ ਸੁਨਿਹਰੀ ਭਵਿੱਖ ਲਈ ਆਪਣਾ ਅਸ਼ੀਰਵਾਦ ਦਿੱਤਾ । ਸਮਾਰੋਹ ਵਿਚ ਸ. ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ ਅਤੇ ਸ. ਵਰਿੰਦਰ ਸਿੰਘ ਬਰਾੜ ਐਚ ਆਰ ਨੇ ਨਵੇਂ ਦਾਖਲ ਹੋਏ ਤੇ ਵਿਦਾ ਹੋ ਰਹੇ ਵਿਦਿਆਰਥੀਆਂ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ ।

ਫਰੈਸ਼ਰ ਪਾਰਟੀ ਅਗਾਜ਼ 2025 ਵਿਚ ਬੀ.ਐੱਸ.ਸੀ. ਅਤੇ ਐਮ.ਐਸ.ਸੀ. ਕੋਰਸਾਂ ਦੇ ਨਵੇਂ ਦਾਖਲ ਵਿਦਿਆਰਥੀਆਂ ਵੱਲੋਂ ਪੰਜਾਬ ਦਾ ਲੋਕ ਨਾਚ ਭੰਗੜਾ, ਗਿੱਧਾ, ਹਿਮਾਚਲੀ ਨਾਟੀ ਡਾਂਸ, ਮਹਾਰਾਸ਼ਟਰ ਦਾ ਲਾਵਨੀ ਡਾਂਸ, ਲੇਜ਼ੀ ਡਾਂਸ , ਕਲਾਸੀਕਲ ਡਾਂਸ, ਹਰਿਆਣਵੀ ਡਾਂਸ, ਬੌਲੀਵੁੱਡ ਡਾਂਸ ਆਦਿ ਦੀਆਂ ਕੋਰੀਉਗਰਾਫੀ ਪੇਸ਼ ਕਰਕੇ ਸਟੇਜ 'ਤੇ ਪੂਰੇ ਭਾਰਤ ਦੇਸ ਦੇ ਸਭਿਆਚਾਰ ਨੂੰ ਪੇਸ਼ ਕਰਕੇ ਸਰੋਤਿਆ ਦਾ ਮਨ ਮੋਹ ਲਿਆ । ਫਰੈਸ਼ਰ ਪਾਰਟੀ ਦੇ ਸਖਤ ਮੁਕਾਬਲੇ ਵਿਚੋਂ ਮਿਸ ਫਰੈਸ਼ਰ 2025 ਸੁਖਮਨੀ ਕੌਰ ਅਤੇ ਮਿਸਟਰ ਫਰੈਸ਼ਰ 2025 ਮਨੀਸ਼ ਕੁਮਾਰ ਚੁਣੇ ਗਏ । ਜਦ ਕਿ ਮਿਸਟਰ ਚਾਰਮਿੰਗ ਰਾਹੁਲ ਕੁਮਾਰ , ਮਿਸ ਐਲੀਗੈਂਟ ਸੰਜਨਾ, ਮਿਸ ਕ੍ਰੀਏਟਿਵ ਜਸ਼ਰਨ ਕੌਰ, ਮਿਸ ਟੇਲੈਂਟਟਿਡ ਰਮਨਦੀਪ ਕੌਰ, ਮਿਸਟਰ ਟੇਲੈਂਟਟਿਡ ਪ੍ਰਿੰਸ ਅਤੇ ਮਿਸ ਅਚੀਵਰ ਨੇਹਾ ਨੂੰ ਚੁਣਿਆ ਗਿਆ । ਇਸ ਮੌਕੇ ਜੱਜਾਂ ਦੀ ਅਹਿਮ ਜ਼ਿੰਮੇਦਾਰੀ ਮੈਡਮ ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ, ਸ੍ਰੀ ਰਮਨ ਕੁਮਾਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ, ਸ੍ਰੀ ਸਰਵਣ ਕੁਮਾਰ ਮੈਨੇਜਰ ਟੋਲ ਪਲਾਜ਼ਾ, ਸ. ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ ਅਤੇ ਮੈਡਮ ਜੋਤੀ ਭਾਟੀਆ ਫਰੰਟ ਡੈਸਕ ਮਨੈਜਰ ਨੇ ਬਾਖੂਬੀ ਨਿਭਾਈ । ਮੁੱਖ ਮਹਿਮਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਆਪਣੇ ਕਰ ਕਮਲਾਂ ਨਾਲ ਜੇਤੂ ਵਿਦਿਆਰਥੀਆਂ ਨੂੰ ਸਨਾਮਨ ਚਿੰਨ੍ਹ ਪ੍ਰਦਾਨ ਕਰਕੇ ਸਨਮਾਨਿਤ ਕੀਤਾ । ਸਮਾਗਮ ਦੇ ਅੰਤ ਵਿਚ ਵਾਈਸ ਪ੍ਰਿੰਸੀਪਲ ਸ੍ਰੀ ਰਾਜਦੀਪ ਥਿਦਵਾਰ ਵੱਲੋ ਮੁੱਖ ਮਹਿਮਾਨ ਅਤੇ ਫਰੈਸ਼ਰ ਪਾਰਟੀ ਅਗਾਜ਼ 2025 ਨੂੰ ਸਫਲ ਕਰਨ ਵਿਚ ਯੋਗਦਾਨ ਪਾਉਣ ਵਾਲੇ ਸਮੂਹ ਸਹਿਯੋਗੀਆਂ ਅਤੇ ਸਮੂਹ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਸਾਰੇ ਖਿਤਾਬ ਜੇਤੂਆਂ ਨੂੰ ਵਧਾਈ ਦਿੱਤੀ । ਵਰਨਣਯੋਗ ਹੈ ਕਿ ਆਗਾਜ਼-2025 ਨੂੰ ਯਾਦਗਾਰੀ ਬਣਾਉਣ ਅਤੇ ਸਫਲ ਕਰਨ ਲਈ ਸਰਵਸ਼੍ਰੇਸ਼ਠ ਯੋਗਦਾਨ ਹੈੱਡ ਆਫ ਡਿਪਾਰਟਮੈਂਟ ਮੈਡਮ ਪਿਊਸ਼ੀ ਯਾਦਵ ਅਤੇ ਉਹਨਾਂ ਦੇ ਸਹਿਯੋਗੀਆਂ ਮੈਡਮ ਆਰਚੀ ਭਟੇਜਾ ਅਤੇ ਸ੍ਰੀ ਵਿਕਾਸ ਭਾਰਦਵਾਜ ਦਾ ਰਿਹਾ । ਇਸ ਸਮਾਰੋਹ ਦੀ ਸਫਲਤਾ ਦਾ ਸਿਹਰਾ ਗੁਰੂ ਨਾਨਕ ਪੈਰਾਮੈਡੀਕਲ ਕਾਲਜ ਦੀ ਸਮੂਹ ਫੈਕਲਿਟੀ ਟੀਮ ਸ੍ਰੀ ਰਾਹੁਲ ਵਰਮੋਤਾ, ਸ੍ਰੀ ਰਮਨ ਕੁਮਾਰ, ਸ੍ਰੀ ਰਿਤਿਕ ਕੁਮਾਰ ਪਾਠਕ, ਮੈਡਮ ਅੰਜਲੀ ਜੈ ਸਿੰਘ, ਸ੍ਰੀ ਧੀਰ ਸਿੰਘ, ਮੈਡਮ ਇੰਦੂ ਬਾਲਾ, ਸ੍ਰੀ ਵਿਵੇਕ ਸ਼ਰਮਾ ਅਤੇ ਮੈਡਮ ਚੈਰੀ ਦਾ ਰਿਹਾ ਹੈ । ਇਸ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸਮੂਹ ਵਿਦਿਆਰਥੀਆਂ ਨੂੰ ਮੰਚ ਉੱਪਰ ਨੱਚਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ, ਜਿਸ ਦਾ ਉਹਨਾਂ ਨੇ ਖੂਬ ਆਨੰਦ ਮਾਣਿਆ ।



**ਫਰੈਸ਼ਰ ਪਾਰਟੀ ਅਗਾਜ਼ 2025 ਵਿਚ ਮਿਸ ਫਰੈਸ਼ਰ ਅਤੇ ਮਿਸਟਰ ਫਰੈਸ਼ਰ ਨੂੰ ਸਨਮਾਨਿਤ ਕਰਨ ਮੌਕੇ ਮੁੱਖ ਮਹਿਮਾਨ ਡਾ ਕੁਲਵਿੰਦਰ ਸਿੰਘ ਢਾਹਾਂ ਅਤੇ ਨਾਲ ਸਹਿਯੋਗ ਦੇ ਰਹੇ ਹਨ ਵਰਿੰਦਰ ਸਿੰਘ ਬਰਾੜ, ਰਾਜਦੀਪ ਥਿਦਵਾਰ (ਹੇਠਾਂ) ਵੱਖ ਵੱਖ ਪੇਸ਼ਕਾਰੀਆਂ ਕਰਦੇ ਵਿਦਿਆਰਥੀ।**

# ਪਿੰਡ ਦੁਸਾਂਝ ਖੁਰਦ ਸ਼ਹੀਦ ਭਗਤ ਸਿੰਘ ਨਗਰ ਵਿਖੇ ਸਰਬੱਤ ਦਾ ਭਲਾ ਟਰੱਸਟ ਵੱਲੋਂ ਬੱਚਿਆਂ ਦੀ ਪ੍ਰਤੀਯੋਗਤਾ ਕਰਵਾਈ









**ਬੰਗਾ ( ਚਰਨਜੀਤ ਸ ੱਲ੍ਹਾਂ )** ਪਿੰਡ ਦੁਸਾਂਝ ਖੁਰਦ ਸ਼ਹੀਦ ਭਗਤ ਸਿੰਘ ਨਗਰ ਵਿਖੇ ਸਰਬੱਤ ਦਾ ਭਲਾ ਟਰੱਸਟ ਸੰਚਾਲਕ ਸ.ਰਘਵੀਰ ਸਿੰਘ ਗੋਬਿੰਦਪੁਰ ਵੱਲੋਂ ਬੱਚਿਆਂ ਦੀ ਗੁਰਮਤਿ ਪ੍ਰਤਿਯੋਗਿਤਾ ਕਰਵਾਈ ਗਈ । ਇਸ ਪ੍ਰਤਿਯੋਗਿਤਾ ਵਿੱਚ ਬੱਚਿਆਂ ਦਾ ਗੁਰ ਇਤਿਹਾਸ ਬਾਰੇ ਇੱਕ ਪਰਚਾ ਲਿਆ ਗਿਆ। ਇਸ ਵਿੱਚ ਦੋ ਗਰੁੱਪ ਬਣਾਏ ਗਏ ਪਹਿਲੇ ਗਰੁੱਪ ਜੂਨੀਅਰ ਵਿੱਚ ਪਹਿਲੀ ਕਲਾਸ ਤੋਂ ਲੈ ਕੇ ਪੰਜਵੀਂ ਕਲਾਸ ਤੱਕ ਅਤੇ ਦੂਜੇ ਗਰੁੱਪ ਸੀਨੀਅਰ ਵਿੱਚ ਛੇਵੀਂ ਕਲਾਸ ਤੋਂ ਲੈ ਕੇ ਬਾਰਵੀਂ ਕਲਾਸ ਤੱਕ ਦੇ ਬੱਚਿਆਂ ਨੇ ਭਾਗ ਲਿਆ । ਇਸ ਵਿੱਚ ਵੱਖ-ਵੱਖ ਪਿੰਡਾਂ ਤੋਂ ਬੱਚਿਆਂ ਨੇ ਭਾਗ ਲਿਆ ਇਸ ਪ੍ਰਤੀਯੋਗਤਾ ਦਾ ਨਤੀਜਾ ਵੀ ਉਸੇ ਵਕਤ ਬੱਚਿਆਂ ਨੂੰ ਦੱਸਿਆ ਗਿਆ। ਪਿੰਡ ਖਾਨਪੁਰ ਦੇ ਬੱਚਿਆਂ ਨੇ 1ਸਟ 2ਨਦ 3ਰਦ ਸਥਾਨ ਪ੍ਰਾਪਤ ਕੀਤੇ।ਸੀਨੀਅਰ 1ਸਟ 2ਨਦ 3ਰਦ ਇਸ ਵਿੱਚ ਖਾਨਪੁਰ ਤੇ ਦੁਸਾਂਝ ਖੁਰਦ ਦੇ ਬੱਚਿਆਂ ਨੇ ਸਥਾਨ ਪ੍ਰਾਪਤ ਕੀਤੇ । ਬਾਕੀ ਬੱਚਿਆਂ ਨੂੰ ਹੌਸਲਾ ਅਫ਼ਜ਼ਾਈ ਇਨਾਮ ਵੀ ਦਿੱਤੇ ਗਏ ਇਸ ਤੋਂ ਇਲਾਵਾ ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪਹੁੰਚੇ ਭਾਈ ਸਾਹਿਬ ਭਾਈ ਪਰਮਜੀਤ ਸਿੰਘ ਜੀ ਰੂਮੀ (ਜੱਜ ਸਾਹਿਬਾਨ)ਅਤੇ ਰਜਿੰਦਰ ਸਿੰਘ ਜੀ ਖਾਨਪੁਰ ਅਤੇ ਕੈਪਟਨ ਸਿੰਘ ਲੰਗੇਰੀ ਤੇ ਹਰਪ੍ਰੀਤ ਸਿੰਘ ਗੋਬਿੰਦਪੁਰ ,ਪਵਿੱਤਰ ਸਿੰਘ ਗੋਬਿੰਦਪੁਰ ਅਤੇ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਸ਼ੇਸ਼ ਤੌਰ ਤੇ ਪਹੁੰਚੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਅੱਜ ਕਮਾਂਡੈਂਟ ਸਰਦਾਰ ਗਿਆਨ ਸਿੰਘ ਜੀ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਹੋਇਆ







**ਨਵਾਂਸ਼ਹਿਰ ( ਚਰਨਜੀਤ ਸੱਲ੍ਹਾਂ)** ਅੱਜ ਕਮਾਂਡੈਂਟ ਸਰਦਾਰ ਗਿਆਨ ਸਿੰਘ ਜੀ ਦਾ ਨਵਾਂਸ਼ਹਿਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਵਿੱਚ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ ਜਿਸ ਵਿੱਚ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਗਿਆ ਅਤੇ ਸੰਤ ਜੀਤ ਰਾਮ ਜੀ ਮਾਹਿਲ ਗਹਿਲਾਂ ਵਾਲਿਆਂ ਨੇ ਵਿਰਾਗ ਮਈ ਕੀਰਤਨ ਕੀਤਾ ਗਿਆ । ਇੰਡੀਅਨ ਸ਼ੈਡੂਲਿਡ ਕਾਸਟ ਵੈਲਫੇਅਰ ਐਸੋਸੀਏਸ਼ਨ ਡਰਬੀ ਪੰਜਾਬ ਦੇ ਜਨਰਲ ਸਕੱਤਰ ਜਿਨ੍ਹਾਂ ਨੇ ਲੋੜਵੰਦ ਵਿਦਿਆਰਥੀਆਂ ਨੂੰ ਸਟਾਈਫੰਡ ਦੇਣ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ,ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਦੀਆਂ ਨੂੰ ਚਲਾਉਣ ਵਿੱਚ ਯੋਗਦਾਨ, ਖੇਡਾਂ ਵਿੱਚ ਯੋਗਦਾਨ, ਕੋਈ ਬਿਮਾਰੀ ਹੋਵੇ ਤਾਂ ਉਸ ਨੂੰ ਆਰਥਿਕ ਮੱਦਦ ਦੇਣੀ ਇਨ੍ਹਾਂ ਦਾ ਮੁੱਖ ਕੰਮ ਸੀ। ਡਾ ਸੁਭਾਸ਼ ਚੌਹਾਨ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕਿਸੇ ਬੱਚੇ ਨੂੰ ਪੜ੍ਹਾਈ ਕਰਾਕੇ ਉਸ ਨੂੰ ਆਪਣੀ ਮੰਜ਼ਿਲ ਤੱਕ ਪਹੁੰਚਿਆ ਜਾਵੇ ਮੈਂ ਉਨ੍ਹਾਂ ਦੇ ਪਰਿਵਾਰ ਨੂੰ ਇਹ ਅਪੀਲ ਕਰਦਾਂ ਹਾਂ। ਸਰਦਾਰ ਸੁਰਿੰਦਰ ਸਿੰਘ ਖਾਲਸਾ ਜੀ ਨੇ ਉਨ੍ਹਾਂ ਦੀ ਸਿਫਤ ਕਰਦਿਆਂ ਕਿਹਾ ਕਿ ਜਿਨ੍ਹੀ ਜ਼ਿਆਦਾ ਸਿਰਫ ਕੀਤੀ ਜਾਵੇ ਉਹ ਬਹੁਤ ਥੋੜ੍ਹੀ ਹੈ ਜਿਸ ਤਰ੍ਹਾਂ ਦੇ ਕੰਮ ਗਿਆਨ ਸਿੰਘ ਜੀ ਕਰਕੇ ਗਏ ਹਨ।ਡਾ ਬਲਵੀਰ ਸਿੰਘ ਬੱਲ ਨੇ ਕਿਹਾ ਕਿ ਜੇਕਰ ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਦੀਆਂ ਅੱਜ ਚੱਲ ਰਿਹਾ ਹੈ ਤਾਂ ਸਰਦਾਰ ਗਿਆਨ ਸਿੰਘ ਕੌਲ ਜੀ ਦੀ ਬਦੌਲਤ ਚੱਲ ਰਿਹਾ ਹੈ। ਕੰਵਲਜੀਤ ਬੰਗਾ,ਮਿੱਠੂ ਰਾਮ ਪ੍ਰਧਾਨ,ਡਾ ਮੁਕੇਸ਼ ਕੁਮਾਰ ਜੀ ਨੇ ਵੀ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਪਰਮਜੀਤ ਸਿੰਘ ਸਾਬਕਾ ਸਰਪੰਚ ਗੁਣਾਚੌਰ,ਡਾ ਦੇਸ਼ ਰਾਜ ਅਤੇ ਹੋਰ ਬਹੁਤ ਸਾਰੀ ਸੰਗਤ ਹਾਜ਼ਰ ਸੀ।ਅੰਤ ਵਿੱਚ ਉਨ੍ਹਾਂ ਦੀ ਬੇਟੀ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਤਾਂ ਪਤਾ ਨਹੀਂ ਕਿ ਉਹ ਇੱਕ ਇਨਸਾਨ ਨਹੀਂ ਸਗੋਂ ਚਲਦੀ ਫਿਰਦੀ ਸੰਸਥਾ ਹੈ ਉਨ੍ਹਾਂ ਦੀ ਬੇਟੀ ਦੇ ਬੋਲ ਜਜ਼ਬਾਤੀ ਕਰ ਰਹੇ ਸਨ। ਸਟੇਜ ਸੈਕਟਰੀ ਦੀ ਭੂਮਿਕਾ ਜੋਗਿੰਦਰ ਸਿੰਘ ਕੁਲੇਵਾਲ ਨੇ ਬਾਖੂਬੀ ਨਿਭਾਈ।

## ਪਿੰਡ ਦੀ ਮਾਣ ਵਾਲੀ ਬੇਟੀ ਮੰਨਤ ਬਣੀ




**ਜਲੰਧਰ (ਚਰਨਜੀਤ ਸੱਲ੍ਹਾਂ )** ਕੜਿਆਣਾ ਪਿੰਡ ਦੀ ਧਰਤੀ ਨੇ ਹਮੇਸ਼ਾ ਹੀ ਕਈ ਹੋਣਹਾਰ ਹੀਰੇ ਜਨਮ ਦਿੱਤੇ ਹਨ। ਇਨ੍ਹਾਂ ਵਿਚੋਂ ਇਕ ਹੈ ਮੰਨਤ ਕੁਮਾਰੀ। ਮੰਨਤ ਨੇ ਆਪਣੇ ਸੁਪਨਿਆਂ ਨੂੰ ਪੰਖ ਦੇਣ ਲਈ ਦਿਨ ਰਾਤ ਮਿਹਨਤ ਕੀਤੀ ਅਤੇ NEET ਦਾ ਪੇਪਰ ਪਾਸ ਕਰਕੇ ਸਰਕਾਰੀ ਕੋਟੇ 'ਚ ਭਧਸ਼ ਦੀ ਸੀਟ ਪੱਕੀ ਕਰ ਲਈ। ਇਹ ਸਿਰਫ ਮੰਨਤ ਦੀ ਨਹੀਂ, ਸਾਰੇ ਪਿੰਡ ਦੀ ਜਿੱਤ ਸੀ। ਉਸ ਦੀ ਇਹ ਉਪਲਬਧੀ ਦੇ ਮੌਕੇ ਤੇ ਡਾ. ਬੀ. ਆਰ. ਅੰਬੇਡਕਰ ਵੈੱਲਫੇਅਰ ਅਤੇ ਬਲੱਡ ਡੋਨਰਜ਼ ਕਲੱਬ ਕੜਿਆਣਾ ਵਲੋਂ ਉਸ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪਿੰਡ ਦੇ ਹਰ ਇਕ ਵਾਸੀ ਦੇ ਚਿਹਰੇ 'ਤੇ ਮਾਣ ਦੀ ਚਮਕ ਸੀ, ਕਿਉਂਕਿ ਮੰਨਤ ਦੀ ਮਿਹਨਤ ਨੇ ਦੱਸ ਦਿੱਤਾ ਕਿ ਸੱਚੀ ਲਗਨ ਤੇ ਹੌਸਲੇ ਨਾਲ ਕੋਈ ਵੀ ਮੰਜ਼ਿਲ ਮੁਸ਼ਕਲ ਨਹੀਂ। ਅੱਜ ਮੰਨਤ ਸਾਡੇ ਪਿੰਡ ਦੀ ਮਾਣ ਹੈ, ਤੇ ਉਸਦੀ ਕਾਮਯਾਬੀ ਹੋਰ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਬਣ ਗਈ ਹੈ।

## ਲੇਬਰ ਬੋਰਡ ਕਰੇ ਗਰੀਬਾਂ ਦੀ ਮਦਦ: ਗੋਲਡੀ ਪਰਖਾਲੀ



**ਰੋਪੜ (ਚਰਨਜੀਤ ਸੱਲ੍ਹਾਂ )** ਹਲਕਾ ਰੂਪਨਗਰ ਦੇ ਨੌਜਵਾਨ ਆਗੂ ਗੋਲਡੀ ਪਰਖਾਲੀ ਵੱਲੋਂ ਪ੍ਰੈਸ ਨੋਟ ਜਾਰੀ ਕਰਦਿਆਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਲਗਾਤਾਰ ਮੀਂਹ ਪੈਣ ਕਾਰਨ ਮਜ਼ਦੂਰਾਂ ਨੂੰ ਕੰਮ ਨਹੀਂ ਮਿਲ ਰਿਹਾ ਮਜ਼ਦੂਰਾਂ ਦਾ ਚੁੱਲਾ ਚੌਕਾ ਚਲਣਾ ਬਹੁਤ ਮੁਸ਼ਕਿਲ ਹੋ ਗਿਆ ਹੈ ਇਹੋ ਜਿਹੀ ਔਖੀ ਮੁਸ਼ਕਿਲ ਦੇ ਵਿੱਚ ਜੋ ਸਰਕਾਰ ਵੱਲੋਂ ਲੇਬਰ ਬੋਰਡ ਬਣਾਇਆ ਗਿਆ ਹੈ। ਬੋਰਡ ਘੱਟੋਘੱਟ ਜੋ ਵਰਕਰ ਰਜਿਸਟਰਡ ਹਨ ਉਹਨਾਂ ਵਰਕਰਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇ ਤਾਂ ਜੋ ਗਰੀਬ ਇਸ ਆਫਤ ਦਾ ਸਾਹਮਣਾ ਕਰ ਸਕਣ ਤੇ ਆਪਣਾ ਘਰ ਦਾ ਤੇ ਬੱਚਿਆਂ ਦਾ ਪਾਲਣ ਪੋਸ਼ਣ ਕਰ ਸਕਣ ਸਰਕਾਰ ਨੂੰ ਤੁਰੰਤ ਵਰਕਰਾਂ ਦੇ ਖਾਤਿਆਂ ਦੇ ਵਿੱਚ ਵਿੱਤੀ ਸਹਾਇਤਾ ਪਾਉਣੀ ਚਾਹੀਦੀ ਹੈ।

## ਅਮਰੀਕਾ ਵੱਲੋਂ ਬ੍ਰਾਹਮਣਾਂ ਉੱਤੇ ਕੀਤੀ ਗਈ ਟਿੱਪਣੀ ਨਿੰਦਨਯੋਗ:- ਰਵਿੰਦਰ ਵੈਸ਼ਨਵ

**ਡੇਰਾਬਸੀ ( ਸੰਜੀਵ ਸਿੰਘ ਸੈਣੀ)** ਅਮਰੀਕਾ ਨੇ ਆਪਣਾ ਦਬਦਬਾ ਕਾਇਮ ਰੱਖਣ ਲਈ ਵਰਲਡ ਪਾਵਰ ਦੇ ਨਾਤੇ ਵੱਖ ਵੱਖ ਦੇਸ਼ਾਂ ਉੱਤੇ ਟੈਰਿਫ ਵਾਰ ਦਾ ਯੁੱਧ ਛੇੜ ਰੱਖਿਆ ਹੈ ਜਿਹਦੇ ਵਿੱਚ ਸਭ ਤੋਂ ਵੱਧ ਟੈਰਿਫ ਉਸਨੇ ਹਿੰਦੁਸਤਾਨ ਅਤੇ ਚਾਈਨਾ ਉੱਤੇ ਲਗਾਏ ਹਨ ਜੋ ਕਿ ਅਮਰੀਕਾ ਦੀ ਦੁਨੀਆ ਉੱਪਰ ਦਾਦਾਗਿਰੀ ਕਾਇਮ ਰੱਖਣ ਦੀ ਕੋਝੀ ਚਾਲ ਹੈ, ਇਹ ਗੱਲ ਕਰਦੇ ਬ੍ਰਾਹਮਣ ਸਭਾ ਪੰਜਾਬ ਦੇ ਮੀਤ ਪ੍ਰਧਾਨ ਅਤੇ ਡੇਰਾਬੱਸੀ ਦੇ ਪ੍ਰਧਾਨ ਰਵਿੰਦਰ ਵੈਸ਼ਨਵ ਡੇਰਾਬੱਸੀ ਨੇ ਕਿਹਾ ਕਿ ਉਸ ਤੋਂ ਵੀ ਥੱਲੇ ਡਿੱਗ ਗਏ ਅਮੇਰਿਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਲਾਹਕਾਰ ਪੀਟਰ ਨਵਾਰੋ ਨੇ ਬੀਤੇ ਦਿਨੀਂ ਹਿੰਦੁਸਤਾਨ ਉੱਤੇ ਦੋਸ਼ ਲਾਇਆ ਕਿ ਹਿੰਦੁਸਤਾਨ ਵਿੱਚ ਬ੍ਰਾਹਮਣ ਦੇਸ਼ ਦੀਆਂ ਯੋਜਨਾਵਾਂ ਤੇ ਭਾਰੀ ਹਨ ਜਦੋਂ ਕਿ ਵਿਦੇਸ਼ ਨੀਤੀ ਭਾਰਤ ਸਰਕਾਰ ਦੀ ਹੈ ਨਾ ਕਿ ਕਿਸੀ ਜਾਤੀ ਜਾਂ ਵਰਗ ਵਿਸ਼ੇਸ਼ ਦੀ ਨੀਤੀ ਹੈ , ਇਸ ਕਰਕੇ ਅਮਰੀਕਾ ਦੇ ਇਸ ਤਰ੍ਹਾਂ ਦੇ ਬਿਆਨਾਂ ਦੀ ਦੁਨੀਆਂ ਵਿੱਚ



ਵੱਸਦੇ ਬ੍ਰਾਹਮਣਾਂ ਵੱਲੋਂ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ । ਜਿਸ ਵਿੱਚ ਪੰਜਾਬ ਬ੍ਰਾਹਮਣ ਸਭਾ ਦੇ ਸੂਬਾ ਮੀਤ ਪ੍ਰਧਾਨ ਰਵਿੰਦਰ ਵੈਸ਼ਨਵ ਡੇਰਾਬੱਸੀ, ਦਿਨੇਸ਼ ਕੁਮਾਰ,ਸਾਬਕਾ ਜਨਰਲ ਸਕੱਤਰ ਨਰਿੰਦਰ ਸ਼ਰਮਾ, ਸੁਸ਼ੀਲ ਵਿਆਸ, ਦੀਪਕ ਸ਼ਰਮਾ, ਰਾਕੇਸ਼ ਅਚਿੰਤ, ਆਸ਼ੀਸ਼ ਅਚਿੰਤ, ਸੁਰੇਸ਼ ਸ਼ਰਮਾ, ਅਨਿਲ ਸ਼ਰਮਾ,ਵੱਲੋਂ ਅਮਰੀਕਾ ਵੱਲੋਂ ਬ੍ਰਾਹਮਣਾਂ ਦੇ ਵਿਰੋਧ ਵਿੱਚ ਦਿੱਤੇ ਗਏ ਬਿਆਨ ਦੀ ਸਖਤ ਨਿੰਦਾ ਕੀਤੀ ਹੈ ।

# ਐੱਸ.ਐੱਸ.ਡੀ ਕਾਲਜ ਦੇ ਸਾਇੰਸ ਵਿਭਾਗ ਨੇ ਅੱਖਾਂ ਦਾਨ ਦੀ ਮਹੱਤਤਾ ਸਬੰਧੀ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਪੋਸਟਰ ਮੈਕਿੰਗ ਮੁਕਾਬਲਾ ਕਰਵਾਇਆ

**ਬਰਨਾਲਾ, ( ਚੰਡਿਹੋਕ) :** ਐੱਸ.ਐੱਸ.ਡੀ ਕਾਲਜ ਬਰਨਾਲਾ ਦੇ ਸਾਇੰਸ ਵਿਭਾਗ ਵੱਲੋਂ ਅੱਖਾਂ ਦਾਨ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਣ ਅਤੇ ਟ੍ਰਾਂਸਪਲਾਂਟੇਸ਼ਨ ਲਈ ਕੋਰਨੀਆ ਦੀ ਘਾਟ ਨੂੰ ਪੂਰਾ ਕਰਨ ਦੀ ਉਦੇਸ਼ ਨਾਲ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਕਾਲਜ ਦੇ ਸਾਇੰਸ ਵਿਭਾਗ ਵੱਲੋਂ ਅੱਖਾਂ ਦਾਨ ਸਬੰਧੀ ਪੰਦਰਵਾੜੇ ਦੀ ਸ਼ੁਰੂਆਤ ਵਿੱਚ ਕਰਵਾਏ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਪੂਰੇ ਉਤਸਾਹ ਨਾਲ ਹਿੱਸਾ ਲਿਆ ਗਿਆ। ਸੁਰੂਆਤ ਵਿੱਚ ਐੱਸ ਐੱਸ ਡੀ ਕਾਲਜ ਦੇ ਪ੍ਰਿੰਸੀਪਲ ਡਾ: ਰਾਕੇਸ਼ ਜਿੰਦਲ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਅੱਖਾਂ ਦਾਨ ਕਰਨੀਆਂ ਅੱਜ ਦੇ ਸਮੇਂ ਦੀ ਲੋੜ ਹੈ ਆਤੇ ਅੱਖਾਂ ਦਾਨ ਕਰਕੇ ਕੋਈ ਵੀ ਅਜੋਕੇ ਸਮੇਂ ਦਾ ਹੀਰੋ ਬਣ ਸਕਦਾ ਹੈ। ਇਸ ਉਪਰੰਤ ਕਰਵਾਏ ਗਏ ਪੋਸਟਰ ਮੇਕਿੰਗ ਮੁਕਾਬਲਿਆਂ ਵਿੱਚ ਕਮਲਜੀਤ ਸਿੰਘ ਅਤੇ ਖੁਸ਼ਪ੍ਰੀਤ ਕੌਰ (ਬੀ.ਐਸ.ਸੀ ਮੈਡੀਕਲ ਭਾਗ ਪਹਿਲਾ) ਨੇ ਪਹਿਲਾ ਸਥਾਨ ਹਾਸਲ ਕੀਤਾ, ਹੁਸਨਪ੍ਰੀਤ (ਬੀ.ਐਸ.ਸੀ ਨਾਨ ਮੈਡੀਕਲ ਭਾਗ ਪਹਿਲਾ) ਅਤੇ ਹਰਸ਼ਿਦ (ਬੀ.ਏ ਭਾਗ ਪਹਿਲਾ) ਨੇ ਦੂਸਰਾ ਸਥਾਨ ਅਤੇ ਹਰਮਨਪ੍ਰੀਤ ਸਿੰਘ (ਬੀ.ਏ ਭਾਗ ਪਹਿਲਾ ਅਤੇ ਸੁਮੀਤ ਕੁਮਾਰ (ਬੀ.ਐਸ.ਸੀ ਨਾਨ ਮੈਡੀਕਲ ਭਾਗ ਦੂਜਾ) ਨੇ ਤੀਸਰਾ ਸਥਾਨ ਹਾਸਲ ਕੀਤਾ। ਇਹਨਾਂ ਤੋਂ ਇਲਾਵਾ ਜਸਕਰਨ ਸਿੰਘ (ਬੀ.ਐਸ.ਸੀ ਮੈਡੀਕਲ ਭਾਗ ਪਹਿਲਾ) ਅਤੇ ਮਨਜਿੰਦਰ ਕੌਰ (ਬੀ.ਐਸ.ਸੀ ਨਾਨ ਮੈਡੀਕਲ ਭਾਗ ਪਹਿਲਾ) ਨੂੰ ਹੌਸਲਾ ਅਫਜਾਈ ਇਨਾਮ ਦਿੱਤਾ ਗਿਆ। ਪ੍ਰਿੰਸੀਪਲ ਡਾਕਟਰ ਰਾਕੇਸ਼ ਜਿੰਦਲ ਵੱਲੋਂ ਜੇਤੂ ਵਿਦਿਆਰਥੀਆਂ ਦੀ ਅਗਾਂਹ ਵਧੂ ਹੌਸਲਾ ਆਫਜਾਈ ਲਈ ਸਰਟੀਫਿਕੇਟ ਵੀ ਦਿੱਤੇ ਗਏ । ਇਸ ਪ੍ਰੋਗਰਾਮ ਦੀ ਅਗਵਾਈ ਸਾਇੰਸ ਵਿਭਾਗ ਦੇ ਅਧਿਆਪਕ ਸਾਹਿਬਾਨ ਡਾ. ਨਵਦੀਪ ਕੌਰ, ਪ੍ਰੋਫੈਸਰ ਸ਼ਿਫਾਲੀ ਜਿੰਦਲ, ਪ੍ਰੋਫੈਸਰ ਦੀਕਸ਼ਾ ਗੋਇਲ, ਪ੍ਰੋਫੈਸਰ ਰਮਨ ਜੋਤ ਅਤੇ ਪ੍ਰੋਫੈਸਰ ਗੁੰਜਨ ਵੱਲੋਂ ਕੀਤੀ ਗਈ।

# ਕੇਂਦਰੀ ਭਾਜਪਾ ਸਰਕਾਰ ਦੀ ਪੰਜਾਬ ਵੱਲ ਪਿੱਠ ਅਤਿ ਨਿੰਦਣਯੋਗ- ਝੱਜ, ਬਰਮੀ



**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਹੜ੍ਹਾਂ ਨਾਲ ਪੰਜਾਬ ਬੁਰੀ ਤਰ੍ਹਾਂ ਝੰਬਿਆ ਗਿਆ ਹੈ। ਫ਼ਸਲਾਂ ਤਬਾਹ ਹੋ ਗਈਆਂ ਹਨ। ਪਸ਼ੂ ਧਨ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਹਿਮਾਚਲ ਤੇ ਜੰਮੂ ਕਸ਼ਮੀਰ ਵਿੱਚ ਵੀ ਵੱਡੀ ਤਬਾਹੀ ਹੋਈ ਤੇ ਹੋ ਰਹੀ ਹੈ। ਅਜਿਹੇ ਭਿਆਨਕ ਸਮੇਂ ਕੇਂਦਰ ਦੀ ਭਾਜਪਾ ਸਰਕਾਰ ਲੋਕਾਂ ਵੱਲ ਪਿੱਠ ਕਰਕੇ ਖੜ੍ਹੀ ਹੈ, ਜਿਵੇਂ ਇਸ ਤਬਾਹੀ ਨਾ਼ਲ ਉਸ ਦਾ ਕੋਈ ਵਾਸਤਾ ਹੀ ਨਾ ਹੋਵੇ। ਇਹ ਵਰਤਾਰਾ ਅਤਿ ਨਿੰਦਣਯੋਗ ਅਤੇ ਨਾ ਬਖਸ਼ਣ ਯੋਗ ਹੈ। ਪ੍ਰੈਸ ਨੂੰ ਇਹ ਬਿਆਨ ਜਾਰੀ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਆਲ ਇੰਡੀਆ ਕਿਸਾਨ ਸਭਾ ਜਿਲ੍ਹਾ ਲੁਧਿਆਣਾ ਦੇ ਪ੍ਰਧਾਨ ਜਸਵੀਰ ਝੱਜ ਅਤੇ ਜਨਰਲ ਸਕੱਤਰ ਚਮਕੌਰ ਸਿੰਘ ਬ੍ਰਮੀ ਨੇ ਕਿਹਾ ਕਿ ਪੰਜਾਬ ਦੇ ਡੈਮਾਂ 'ਤੇ ਕੇਂਦਰ ਸਰਕਾਰ ਕਾਬਜ਼ ਹੋ ਗਈ ਹੈ। ਪਰ ਪੰਜਾਬ ਦੀ ਔਖੀ ਘੜ੍ਹੀ ਵਿੱਚ ਅੱਖਾਂ ਮੀਟੀ ਬੈਠੀ ਹੈ। ਜੀ.ਐਸ.ਟੀ. ਰਾਹੀਂ ਸੂਬਿਆਂ ਦੀ ਆਮਦਨ ਦਾ ਵੱਡਾ ਹਿੱਸਾ ਕੇਂਦਰ ਸਰਕਾਰ ਕੋ਼ਲ ਚਲਾ ਜਾਂਦਾ ਹੈ। ਕੇਂਦਰੀ ਭਾਜਪਾ ਸਰਕਾਰ ਕੋਲ ਵੱਡੇ ਫੰਡ ਪਏ ਹਨ। ਲੋਕ ਖਾਸ ਕਰਕੇ ਪੇਂਡੂ ਕਿਸਾਨ ਤੇ ਮਜ਼ਦੂਰ ਬੁਰੀ ਤਰ੍ਹਾਂ ਤਬਾਹ ਹੋ ਰਹੇ ਹਨ, ਪਰ ਕੇਂਦਰ ਸਰਕਾਰ ਆਪਣੇ ਹੀ ਮਜ਼ੇ ਵਿੱਚ ਹੈ। ਕੇਂਦਰੀ ਕੋਟੇ ਵਿਚੋਂ ਇਸ ਤ੍ਰਾਸਦੀ ਸਮੇਂ ਕੁੱਝ ਵੀ ਨਹੀਂ ਕੀਤਾ ਜਾ ਰਿਹਾ, ਇੱਥੋਂ ਤੱਕ ਕਿ ਫੋਕਾ ਦਿਲਾਸਾ ਵੀ ਨਹੀਂ ਦਿੱਤਾ ਜਾ ਰਿਹਾ, ਜਿਵੇਂ ਕਿ ਹੜ੍ਹ ਮਾਰੇ ਲੋਕ ਦੂਰ ਦੁਸ਼ਮਣ ਦੇਸ਼ ਦੇ ਹੋਣ। ਅਜਿਹੀ ਆਫ਼ਤ ਸਮੇਂ ਤਾਂ ਇਹਨਾਂ ਹਾਲਾਤਾਂ ਨੂੰ ਕੌਮੀ ਆਫ਼ਤ ਸਮਝਦਿਆਂ ਇੱਕ ਦਮ ਵੱਡੀ ਸਹਾਇਤਾ ਦੇਣਾ ਕੇਂਦਰ ਸਰਕਾਰ ਦਾ ਫਰਜ਼ ਬਣਦਾ ਹੈ। ਜੇਕਰ ਇਹਨਾਂ ਰਾਜਾਂ ਵਿੱਚ ਭਾਜਪਾ ਸਰਕਾਰ ਹੁੰਦੀ ਤਾਂ ਇਸੇ ਤਰ੍ਹਾਂ ਕੇਂਦਰ ਲਾ-ਪਰਵਾਹੀ ਵਰਤਦੀ, ਇਹ ਇੱਕ ਵੱਡਾ ਸਵਾਲ ਖੜਾ ਹੋ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਤੇ ਹੋਰ ਪੀੜਤ ਲੋਕ ਮੁੜ ਉੱਠ ਖਲੋਣਗੇ ਪਰ ਕੇਂਦਰ ਸਰਕਾਰ ਦਾ ਜ਼ਾਲਮਾਨਾ ਰਵਈਆ ਕਦੇ ਨਹੀਂ ਭੁਲਾਉਣਗੇ।

ਇਸ ਬਿਆਨ ਨਾ਼ਲ ਡਾ. ਗੁਲਜ਼ਾਰ ਸਿੰਘ ਪੰਧੇਰ, ਡਾ. ਰਾਜਿੰਦਪਾਲ ਸਿੰਘ ਔਲਖ, ਸੁਰਿੰਦਰ ਸਿੰਘ ਜਲਾਲਦੀਵਾਲ, ਨਛੱਤਰ ਸਿੰਘ ਪੰਧੇਰਖੇੜੀ, ਜੰਗ ਸਿੰਘ ਸਿਰਥਲਾ, ਕੁਲਦੀਪ ਸਿੰਘ ਸਾਹਾਬਣਾ, ਮਨੂੰ ਬੁਆਣੀ, ਗੁਰਮੇਲ ਸਿੰਘ ਮੇਲ੍ਹੀ ਸਿਆੜ, ਕੇਵਲ ਸਿੰਘ ਮਜ਼ਾਲੀਆਂ, ਮਨਜੀਤ ਸਿੰਘ ਮੰਸੂਰਾਂ, ਭਰਪੂਰ ਸਿੰਘ ਸਵੱਦੀ, ਮਨਜੀਤ ਸਿੰਘ ਪੌਤ, ਆਤਮਾ ਸਿੰਘ ਕੋਟਾਲਾ, ਪਰਮਜੀਤ ਸਿੰਘ ਦੁੱਗਰੀ, ਗੁਰਨਾਮ ਸਿੰਘ ਬਹਾਦਰਕੇ, ਜੱਸਾ ਬਿਲਗਾ ਆਦਿ ਨੇ ਸਹਿਮਤੀ ਪ੍ਰਗਟ ਕੀਤੀ ।

# NCC ਗਰੁੱਪ ਕਮਾਂਡਰ ਦਾ ਸੀ.ਟੀ. ਯੂਨੀਵਰਸਿਟੀ ਦੌਰਾ

## ਬ੍ਰਿਗੇਡੀਅਰ ਪੀ.ਐਸ. ਚੀਮਾ ਨੇ ਸੀ.ਟੀ.ਯੂ. ਦੇ NCC ਕੈਡਟਾਂ ਨੂੰ ਪ੍ਰੇਰਿਤ ਕੀਤਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸੀ.ਟੀ. ਯੂਨੀਵਰਸਿਟੀ ਲਈ ਮਾਣ ਦੀ ਗੱਲ ਸੀ ਕਿ ਉਨ੍ਹਾਂ ਨੇ ਬ੍ਰਿਗੇਡੀਅਰ ਪੀ.ਐਸ. ਚੀਮਾ, ਸੇਨਾ ਮੈਡਲ, ਵਿਸ਼ਿਸ਼ਟ ਸੇਵਾ ਮੈਡਲ, ਗਰੁੱਪ ਕਮਾਂਡਰ, ਛੱਛ ਗਰੁੱਪ ਹੈੱਡਕੁਆਰਟਰ ਲੁਧਿਆਣਾ ਦਾ ਸਵਾਗਤ ਕੀਤਾ। ਉਨ੍ਹਾਂ ਦੇ ਨਾਲ ਕਰਨਲ ਰੋਹਿਤ ਖੰਨਾ, ਸੇਨਾ ਮੈਡਲ, ਕਮਾਂਡਿੰਗ ਅਫਸਰ, 3 ਪੰਜਾਬ ਬਟਾਲੀਅਨ NCC ਲੁਧਿਆਣਾ ਅਤੇ ਸੂਬੇਦਾਰ ਮੇਜਰ ਕਰਨੈਲ ਸਿੰਘ ਵੀ ਮੌਜੂਦ ਸਨ।




ਦੌਰੇ ਦੌਰਾਨ, ਬ੍ਰਿਗੇਡੀਅਰ ਚੀਮਾ ਨੇ NCC ਕੈਡਟਾਂ ਅਤੇ ਫੈਕਲਟੀ ਮੈਂਬਰਾਂ ਨਾਲ ਮੁਲ-ਾਕਾਤ ਕੀਤੀ। ਉਨ੍ਹਾਂ ਨੇ ਇੱਕ ਪ੍ਰੇਰਣਾਦਾਇਕ ਸੈਸ਼ਨ ਵਿੱਚ ਅਨੁਸ਼ਾਸਨ, ਲੀਡਰਸ਼ਿਪ, ਦੇਸ਼ਭਗਤੀ ਅਤੇ ਸਮਰਪਣ ਵਰਗੇ ਮੁੱਲਾਂ ਬਾਰੇ ਗੱਲ ਕੀਤੀ। ਉਨ੍ਹਾਂ ਦੇ ਵਿਚਾਰਾਂ ਨੇ ਕੈਡਟਾਂ ਨੂੰ ਜ਼ਿੰਮੇਵਾਰੀ ਨਾਲ ਅੱਗੇ ਵਧਣ ਅਤੇ ਭਵਿੱਖ ਦੇ ਲੀਡਰ ਅਤੇ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ’ਤੇ ਵਾਈਸ ਚੇਅਰਮੈਨ ਹਰਪ੍ਰੀਤ ਸਿੰਘ, ਰਜਿਸਟਰਾਰ ਸੰਜੈ ਖੰਡੂਰੀ ਅਤੇ ਡਾਇਰੈਕਟਰ ਧਸ਼ਾਂ ਇੰਜੀ. ਦਵਿੰਦਰ ਸਿੰਘ ਨੇ ਮਹਿਮਾਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਪੂਰਾ ਪ੍ਰੋਗਰਾਮ NCC ਇੰਚਾਰਜ ਤਰਨਜੀਤ ਸਿੰਘ ਅਤੇ ਸੰਦੀਪ ਕੌਰ ਵੱਲੋਂ ਬਹੁਤ ਹੀ ਸੁਚਾਰੂ ਤਰੀਕੇ ਨਾਲ ਆਯੋਜਿਤ ਕੀਤਾ ਗਿਆ।



ਕੁੱਲ 140 NCC ਕੈਡਟਾਂ, ਜਿਨ੍ਹਾਂ ਵਿੱਚ ਨਵੇਂ ਪਹਿਲੇ ਸਾਲ ਦੇ ਵਿਦਿਆਰਥੀ ਵੀ ਸ਼ਾਮਲ ਸਨ, ਉਤਸ਼ਾਹ ਨਾਲ ਪ੍ਰੋਗਰਾਮ ਵਿੱਚ ਹਾਜ਼ਰ ਰਹੇ। ਉਨ੍ਹਾਂ ਦੀ ਸ਼ਮੂਲੀਅਤ ਨੇ ਦੇਸ਼-ਭਗਤੀ ਦੇ ਜਜ਼ਬੇ ਅਤੇ ਦੇਸ਼ ਦੀ ਸੇਵਾ ਕਰਨ ਦੀ ਲਗਨ ਨੂੰ ਦਰਸਾਇਆ। ਇਸ ਮੌਕੇ ’ਤੇ ਬ੍ਰਿਗੇਡੀਅਰ ਪੀ.ਐਸ.ਚੀਮਾ ਨੇ ਕਿਹਾ: “ਮੈਂ ਸੀ.ਟੀ. ਯੂਨੀਵਰਸਿਟੀ ਦੇ ਕੈਡਟਾਂ ਦਾ ਉਤਸ਼ਾਹ ਅਤੇ ਅਨੁਸ਼ਾਸਨ ਵੇਖ ਕੇ ਬਹੁਤ ਖੁਸ਼ ਹਾਂ। NCC ਨਾ ਸਿਰਫ਼ ਲੀਡਰਸ਼ਿਪ ਸਿਖਾਉਂਦਾ ਹੈ ਬਲਕਿ ਕਿਰਦਾਰ, ਹਿੰਮਤ ਅਤੇ ਆਤਮ-ਵਿਸ਼ਵਾਸ ਵੀ ਨਿਰਮਾਣ ਕਰਦਾ ਹੈ। ਮੈਂ ਸਭ ਕੈਡਟਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਸਮਰਪਣ ਨਾਲ ਕੰਮ ਕਰਦੇ ਰਹਿਣ, ਕਿਉਂਕਿ ਉਹ ਸਾਡੇ ਦੇਸ਼ ਦੇ ਭਵਿੱਖ ਦੇ ਚਿਰਾਗ ਹਨ।”

ਚਾਂਸਲਰ ਸ੍ਰ: ਚਰਨਜੀਤ ਸਿੰਘ ਚੰਨੀ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ:

“ਸਾਡੇ ਲਈ ਇਹ ਮਾਣ ਦੀ ਗੱਲ ਹੈ ਕਿ ਬ੍ਰਿਗੇਡੀਅਰ ਪੀ.ਐਸ. ਚੀਮਾ ਸਾਡੇ ਕੈਂਪਸ ਆਏ। ਉਨ੍ਹਾਂ ਦੇ ਪ੍ਰੇਰਣਾਦਾਇਕ ਵਿਚਾਰਾਂ ਨੇ ਸਾਡੇ ਕੈਡਟਾਂ ’ਤੇ ਡੂੰਘਾ ਅਸਰ ਛੱਡਿਆ ਹੈ। ਸੀ.ਟੀ. ਯੂਨੀਵਰਸਿਟੀ NNCC ਦਾ ਹਮੇਸ਼ਾਂ ਸਹਿਯੋਗ ਕਰਦੀ ਰਹੇਗੀ ਅਤੇ ਵਿਦਿਆਰਥੀਆਂ ਦੇ ਅਨੁਸ਼ਾਸਨ, ਲੀਡਰਸ਼ਿਪ ਅਤੇ ਸਰਵਪੱਖੀ ਵਿਕਾਸ ਲਈ ਵਾਤਾਵਰਣ ਬਣਾਉਂਦੀ ਰਹੇਗੀ।”

ਬ੍ਰਿਗੇਡੀਅਰ ਪੀ.ਐਸ.ਚੀਮਾ ਦਾ ਇਹ ਦੌਰਾ ਪੂਰੇ ਸੀ.ਟੀ. ਯੂਨੀਵਰਸਿਟੀ ਪਰਿਵਾਰ ਲਈ ਮਾਣ ਅਤੇ ਪ੍ਰੇਰਣਾ ਦਾ ਪਲ ਸੀ। ਇਸ ਨੇ ਨਾ ਸਿਰਫ਼ ਕੈਡਟਾਂ ਨੂੰ ਉਤਸ਼ਾਹਿਤ ਕੀਤਾ ਬਲਕਿ ਇਹ ਵੀ ਦਰਸਾਇਆ ਕਿ NCC ਸਿਖਲਾਈ ਨੌਜਵਾਨਾਂ ਨੂੰ ਜ਼ਿੰਮੇਵਾਰ, ਅਨੁਸ਼ਾਸਿਤ ਅਤੇ ਦੇਸ਼-ਭਗਤੀ ਨਾਲ ਭਰਪੂਰ ਨਾਗਰਿਕ ਬਣਾਉਣ ਵਿੱਚ ਕਿੰਨੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

# ਜਿਮ ਵਿੱਚ ਕਸਰਤ ਦੌਰਾਨ ਹਾਰਟ ਅਟੈਕ ਨਾਲ ਮੌਤ ਕਿਉਂ?

ਰੋਜ਼ਾਨਾ ਕਸਰਤ ਦਿਲ ਦੀ ਚੰਗੀ ਸਿਹਤ ਦੀ ਸੁਰੱਖਿਆ ਲਈ ਜਾਣੀ ਜਾਂਦੀ ਹੈ ਪਰ ਜਿਮਾਂ ਵਿੱਚ ਕਸਰਤ ਦੌਰਾਨ ਹੋ ਰਹੀਆਂ ਮੌਤਾਂ ਬਾਰੇ ਹਾਲੀਆ ਸਿਰਲੇਖਾਂ ਅਤੇ ਖਬਰਾਂ ਨੇ ਸਮੁੱਚੇ ਵਿਸ਼ਵ ਦਾ ਧਿਆਨ ਇਸ ਵੱਲ ਖਿੱਚਿਆ ਹੈ। ਵਿਸ਼ਵ ਭਰ ਵਿੱਚ ਦਿਲ ਦੀਆਂ ਬਿਮਾਰੀਆਂ ਹਰ ਸਾਲ ਲਗਭਗ 1.9 ਮਿਲੀਅਨ ਮੌਤਾਂ ਦਾ ਕਾਰਨ ਬਣਦੀਆਂ ਹਨ, ਜਿਸ ਵਿੱਚ 85% ਦਿਲ ਦੇ ਦੌਰੇ ਅਤੇ ਸਟ੍ਰੋਕ ਨਾਲ ਹੋਣ ਵਾਲੀਆਂ ਮੌਤਾਂ ਸ਼ਾਮਲ ਹਨ। ਹਾਲੀਆ ਸਾਲਾਂ ਵਿੱਚ ਜਿਮਾਂ ਨਾਲ ਸੰਬੰਧਤ ਦਿਲ ਦੇ ਦੌਰਿਆਂ ਦੇ ਮਾਮਲਿਆਂ ਵਿੱਚ ਵਾਧਾ ਦੇਖਿਆ ਗਿਆ ਹੈ । ਖਾਸ ਕਰਕੇ ਨੌਜਵਾਨਾਂ ਅਤੇ ਸਿਹਤਮੰਦ ਵਿਅਕਤੀਆਂ ਦੀ ਮੌਤਾਂ ਨੇ ਵਰਜ਼ਿਸ਼ ਦੀ ਸੁਰੱਖਿਆ ਬਾਰੇ ਸਵਾਲ ਉਠਾਏ ਹਨ।

**ਘਟਨਾ ਅਤੇ ਆਬਾਦੀ**

ਵਰਜ਼ਿਸ਼ ਦੌਰਾਨ ਅਚਾਨਕ ਦਿਲ ਦੀ ਮੌਤ (Sudden Caridac Death - SCD) ਬਹੁਤ ਹੀ ਘੱਟ ਹੁੰਦੀ ਹੈ। ਮਰਦ ਖਾਸ ਕਰਕੇ ਉਹ ਜੋ ਨਿਯਮਿਤ ਵਰਜ਼ਿਸ਼ ਨਹੀਂ ਕਰਦੇ ਹਨ ਸਭ ਤੋਂ ਵੱਧ ਖਤਰੇ ਵਿੱਚ ਹੁੰਦੇ ਹਨ, ਜਦੋਂ ਕਿ ਨਿਯਮਿਤ ਵਰਜ਼ਿਸ਼ ਕਰਨ ਵਾਲੇ ਅਤੇ ਔਰਤਾਂ ਵਿੱਚ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਕਾਫੀ ਘੱਟ ਹੁੰਦਾ ਹੈ। ਬੁੱਢੇ ਲੋਕਾਂ ਵਿੱਚ ਸਿਰਫ 1.9% ਲੋਕ ਅਚਾਨਕ ਵਰਜ਼ਿਸ਼ ਦੇ ਦੌਰਾਨ ਜਾਂ ਬਾਅਦ ਵਿੱਚ ਦਿਲ ਦੇ ਦੌਰੇ ਕਾਰਨ ਮੌਤ ਦੀ ਸੰਭਾਵਨਾ ਰੱਖਦੇ ਹਨ, ਜਿਸ ਵਿੱਚ ਜ਼ਿਆਦਾਤਰ ਮਾਮਲੇ ਮਰਦਾਂ ਦੇ ਹੁੰਦੇ ਹਨ। ਨੌਜਵਾਨ ਖਿਡਾਰੀਆਂ ਵਿੱਚ ਇਸ ਖ਼ਤਰੇ ਤੋਂ ਮੌਤ ਦਾ ਬਹੁਤ ਘੱਟ ਪ੍ਰਤੀਸ਼ਤ ਔਸਤ ਦਾ ਅੰਦਾਜ਼ਾ ਲਗਾਇਆ ਗਿਆ ਹੈ, ਜਿਸ ਵਿੱਚ ਮਰਦਾਂ ਵਿੱਚ ਵੱਧ ਦਰ ਦਰਜ ਕੀਤੀ ਗਈ ਹੈ।

**ਕਾਰਨ ਅਤੇ ਖਤਰੇ ਦੇ ਕਾਰਕ:**

- ਵੱਧ ਉਤਸ਼ਾਹਜਨਕ ਤੇਜ਼ ਵਰਜ਼ਿਸ਼ ,ਖਾਸ ਕਰਕੇ ਪਹਿਲਾਂ ਸਰੀਰਕ ਤੌਰ ਤੇ ਨਿਸ਼ਕ੍ਰਿਆ ਰਹਿਣ ਵਾਲੇ ਲੋਕਾਂ ਲਈ, ਦਿਲ ਨੂੰ ਥੱਕਾ ਦੇ ਸਕਦੀ ਹੈ, ਜਿਸ ਨਾਲ ਦਿਲ ਦਾ ਦੌਰਾ ਪੈਦਾ ਹੋ ਸਕਦਾ ਹੈ ਕਿਉਂਕਿ ਵਰਜਿਸ਼ ਦੌਰਾਨ ਆਕਸੀਜ਼ਨ ਦੀ ਮੰਗ ਅਤੇ ਖੂਨ ਦਾ ਦਬਾਅ ਵੱਧਦਾ ਹੈ।
- ਅਣਪਛਾਤੀਆਂ ਦਿਲ ਦੀ ਬਿਮਾਰੀਆਂ: ਬਹੁਤ ਸਾਰੇ ਜਿਮ ਜਾਣ ਵਾਲੇ ਲੋਕ ਅੰਦਰੂਨੀ ਹਾਲਤਾਂ ਜਿਵੇਂ ਕਿ ਖੂਨ ਦੇ ਉੱਚ ਦਬਾਅ, ਚਿੰਤਾ, ਬੇਚੈਨੀ ਅਤੇ ਹਾਈਪਰਟੈਂਸ਼ਨ ਜਾਂ ਜਨਮ ਤੋਂ ਹੀ ਹੋਣ ਵਾਲੀਆਂ ਦਿਲ ਦੀਆਂ ਖਾਮੀਆਂ ਤੋਂ ਅਗਾਹ ਨਹੀਂ ਹੁੰਦੇ, ਜੋ ਕਿ ਤੇਜ਼ ਵਰਜ਼ਿਸ਼ ਦੁਆਰਾ ਸਾਹਮਣੇ ਆ ਸਕਦੀਆਂ ਹਨ।
- ਬਲੱਡ ਪ੍ਰੈਸ਼ਰ ਦਾ ਵੱਧਣਾ: ਤੇਜ਼ ਵਰਜ਼ਿਸ਼ ਨਾਲ ਖੂਨ ਦੇ ਦਬਾਅ ਵਿੱਚ ਖਤਰਨਾਕ ਵਾਧੇ ਹੋ ਸਕਦੇ ਹਨ, ਜੋ ਧਮਨੀਆਂ ਦੇ ਪਲਾਕਾਂ ਨੂੰ ਅਸਥਿਰ ਕਰ ਸਕਦੇ ਹਨ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਵਧਾ ਸਕਦੇ ਹਨ।
- ਜੀਵਨ ਸ਼ੈਲੀ ਅਤੇ ਜੀਨ: ਸਿਗਰਟਨੋਸ਼ੀ, ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ ਦੇ ਪਰਿਵਾਰਕ ਇਤਿਹਾਸ ਮੌਤ ਦੇ ਖਤਰਿਆਂ ਨੂੰ ਹੋਰ ਵੀ ਵਧਾਉਂਦੇ ਹਨ।



**ਚਰਚਾ**

ਹਾਲਾਂਕਿ ਵਰਜਿਸ਼ ਦੌਰਾਨ ਮੌਤ ਦੀਆਂ ਘਟਨਾਵਾਂ ਦੀ ਦਰ ਥੋੜੀ ਹੈ। ਪ੍ਰੰਤੂ ਜਿਮ ਵਿੱਚ ਵਰਜਿਸ਼ ਦੌਰਾਨ ਮੌਤ ਦੇ ਕੇਸਾਂ ਦਾ ਇਕੱਠਾ ਹੋਣਾ ਜਿਸ ਵਿੱਚ ਅਕਸਰ ਨੌਜਵਾਨ ਜੋ ਉੱਚ-ਤੀਬਰਤਾ ਵਾਲੀਆਂ ਵਰਜ਼ਿਸ਼ ਕਰਦੇ ਸਨ ਕਸਰਤ ਦੇ ਸਹੀ ਢੰਗ ਦੀ ਜਾਗਰੂਕਤਾ ਅਤੇ ਦਿਲ ਦੀ ਸਕਰੀਨਿੰਗ ਦੀ ਲੋੜ ਨੂੰ ਉਜਾਗਰ ਕਰਦਾ ਹੈ। ਸਭ ਤੋਂ ਵੱਧ ਮੌਤਾਂ ਉਹਨਾਂ ਵਿੱਚ ਹੁੰਦੀਆਂ ਹਨ ਜਿਨ੍ਹਾਂ ਦੇ ਦਿਲ ਦੇ ਸਮੱਸਿਆਵਾਂ ਦੀ ਪਛਾਣ ਨਹੀਂ ਹੋਈ ਅਤੇ ਖ਼ਤਰਾ ਸਭ ਤੋਂ ਵੱਧ ਉਹਨਾਂ ਵਿੱਚ ਹੁੰਦਾ ਹੈ ਜੋ ਬਹੁਤ ਘੱਟ ਸਰੀਰਕ ਮਿਹਨਤ ਕਰਦੇ ਹਨ ਅਤੇ ਅਚਾਨਕ ਤੇਜ਼ ਗਤੀ ਵਾਲੀ ਵਰਜ਼ਿਸ਼ ਸ਼ੁਰੂ ਕਰ ਦਿੰਦੇ ਹਨ।

ਬਚਾਅ:

- ਕਸਰਤ ਵਿੱਚ ਹੌਲੀ ਹੌਲੀ ਵਾਧੇ: ਵਰਜ਼ਿਸ਼ ਦੀ ਤੀਬਰਤਾ ਵਿੱਚ ਅਚਾਨਕ ਵਾਧੇ ਤੋਂ ਬਚਾਅ ਮੌਤ ਦੀ ਦਰ ਨੂੰ ਘਟਾ ਸਕਦਾ ਹੈ।
- ਸਕਰੀਨਿੰਗ: ਪ੍ਰੀ-ਐਕਸਰਸਾਈਜ਼ ਸਿਹਤ ਜਾਂਚਾਂ ਜਿਸ ਵਿੱਚ ਉੱਚ-ਖਤਰੇ ਵਾਲੇ ਵਿਅਕਤੀਆਂ ਲਈ ਦਿਲ ਨਾਲ ਸੰਬੰਧਿਤ ਵਿਸਥਾਰਿਤ ਟੈਸਟ ਅਤੇ ਈ ਸੀ ਜੀ ,ਸਕੈਨ ਸ਼ਾਮਲ ਹਨ, ਕਈ ਖ਼ਤਰਨਾਕ ਹਾਲਤਾਂ ਦੀ ਪਛਾਣ ਕਰਵਾ ਸਕਦੇ ਹਨ।
- ਨਿਗਰਾਨੀ: ਛਾਤੀ ਦੇ ਦਰਦ, ਚੱਕਰ ਆਉਣਾ ਜਾਂ ਅਸਧਾਰਣ ਤੌਰ ਤੇ ਸਾਹ ਲੈਣ ਵਿੱਚ ਔਖ ਦੇ ਲੱਛਣਾਂ 'ਤੇ ਧਿਆਨ ਦੇਣਾ ਅਤੇ ਨਿਯਮਿਤ ਤੌਰ 'ਤੇ ਬਲੱਡ ਪ੍ਰੈਸ਼ਰ ਦੀ ਜਾਂਚ ਵੀ ਇਸ ਖ਼ਤਰੇ ਨੂੰ ਨਾਲ ਸਕਦੀ ਹੈ।
- ਸਿੱਖਿਆ: ਜਿਮ ਦਾ ਸਟਾਫ਼ ਦਿਲ ਦੀ ਐਮਰਜੈਂਸੀ ਨੂੰ ਪਛਾਣਨ ਅਤੇ ਇਸ 'ਤੇ ਕਾਰਵਾਈ ਕਰਨ ਲਈ ਸਿੱਖਿਅਤ ਹੋਣਾ ਚਾਹੀਦਾ ਹੈ।

ਵਰਜ਼ਿਸ਼ ਦਿਲ ਦੀ ਸਿਹਤ ਲਈ ਬਹੁਤ ਹੀ ਲਾਭਦਾਇਕ ਰਹਿੰਦੀ ਹੈ। ਹਾਲਾਂਕਿ ਵਿਅਕਤੀਗਤ ਖਤਰੇ ਦੇ ਕਾਰਕਾਂ ਅਤੇ ਸੁਰੱਖਿਅਤ ਵਰਜ਼ਿਸ਼ ਅਭਿਆਸਾਂ ਦੀ ਜਾਗਰੂਕਤਾ ਮਹੱਤਵਪੂਰਨ ਹੈ ਖਾਸ ਕਰਕੇ ਨਵੇਂ ਸਿਖਿਆਰਥੀ ਲਈ ਦੋ ਉੱਚ-ਤੀਬਰਤਾ ਵਾਲੀਆਂ ਵਰਜਿਸ਼ ਨੂੰ ਪ੍ਰਮਾਣਿਕਤਾ ਦਿੰਦੇ ਹਨ। ਕਸਰਤ ਦੇ ਸਹੀ ਢੰਗ ਅਤੇ ਸਾਵਧਾਨੀਆਂ ਨਾਲ ਵਰਜ਼ਿਸ਼ ਦੌਰਾਨ ਦਿਲ ਦੇ ਦੌਰੇ ਤੋਂ ਮੌਤ ਦੇ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**

# ਪੰਜਾਬੀ ਸੰਗੀਤ ਦੀ ਰੌਣਕ – ਜੈਨੀ ਜੋਹਲ

## ਮਿੱਠੀ ਆਵਾਜ਼ ਅਤੇ ਖਾਸ ਸਟਾਈਲ ਨਾਲ ਜੈਨੀ ਨੇ ਪੰਜਾਬੀ ਮਿਊਜ਼ਿਕ ਵਿੱਚ ਇੱਕ ਨਵੀਂ ਲਹਿਰ ਪੈਦਾ ਕੀਤੀ

ਪੰਜਾਬੀ ਸੰਗੀਤ ਉਦਯੋਗ ਵਿੱਚ ਉਹਨਾਂ ਕੁਝ ਗਾਇਕਾਵਾਂ ਵਿੱਚੋਂ ਇੱਕ, ਜਿਨ੍ਹਾਂ ਨੇ ਆਪਣੇ ਅੰਦਾਜ਼ ਨਾਲ ਦਰਸ਼ਕਾਂ ਦੇ ਦਿਲ ਜਿੱਤੇ ਹਨ, ਜੈਨੀ ਜੋਹਲ ਅੱਜ ਹਰ ਘਰ ਦਾ ਨਾਮ ਬਣ ਚੁੱਕੀ ਹੈ। ਆਪਣੀ ਮਿੱਠੀ ਆਵਾਜ਼ ਅਤੇ ਖਾਸ ਸਟਾਈਲ ਨਾਲ ਜੈਨੀ ਨੇ ਪੰਜਾਬੀ ਮਿਊਜ਼ਿਕ ਵਿੱਚ ਇੱਕ ਨਵੀਂ ਲਹਿਰ ਪੈਦਾ ਕੀਤੀ ਹੈ।

ਸ਼ੁਰੂਆਤੀ ਜੀਵਨ ਅਤੇ ਸੰਗੀਤਕ ਸਿੱਖਿਆ

18 ਅਪ੍ਰੈਲ 1993 ਨੂੰ ਜਲੰਧਰ ਵਿੱਚ ਜਨਮੀ ਜੈਨੀ ਨੇ ਬਚਪਨ ਤੋਂ ਹੀ ਸੰਗੀਤ ਪ੍ਰਤੀ ਖਾਸ ਰੁਚੀ ਦਿਖਾਈ। ਅੱਠ ਸਾਲ ਦੀ ਉਮਰ ਵਿੱਚ ਉਸਨੇ ਉਸਤਾਦ ਭੁਪਿੰਦਰ ਸਿੰਘ ਤੋਂ ਗਾਇਕੀ ਦੀ ਸਿਖਲਾਈ ਲੈਣੀ ਸ਼ੁਰੂ ਕੀਤੀ। ਉਸਦੇ ਪਿਤਾ ਜੋਗਾ ਸਿੰਘ, ਜੋ ਆਪਣੇ ਸਮੇਂ ਦੇ ਮਸ਼ਹੂਰ ਕਵੀਸ਼ਰ ਰਹੇ ਹਨ, ਨੇ ਵੀ ਉਸਦੇ ਸੰਗੀਤਕ ਸੁਪਨੇ ਨੂੰ ਪਰਵਾਜ਼ ਦਿੱਤੀ।

ਜੈਨੀ ਨੇ ਆਪਣੀ ਪ੍ਰਾਇਮਰੀ ਸਿੱਖਿਆ ਐਮ.ਜੀ.ਐਨ ਪਬਲਿਕ ਸਕੂਲ, ਜਲੰਧਰ ਤੋਂ ਕੀਤੀ ਅਤੇ ਫਿਰ ਹੰਸ ਰਾਜ ਮਹਿਲਾ ਮਹਾਵਿਦਿਆਲਯਾ ਤੋਂ ਮਾਸਟਰਜ਼ ਇਨ ਵੋਕਲ ਮਿਊਜ਼ਿਕ ਦੀ ਡਿਗਰੀ ਹਾਸਲ ਕੀਤੀ।

ਸੰਗੀਤਕ ਯਾਤਰਾ ਦੀ ਸ਼ੁਰੂਆਤ

2014 ਵਿੱਚ ਪ੍ਰਸਿੱਧ ਲਿਰਿਕਿਸਟ ਬੰਟੀ ਬੈਂਸ ਦੀ



ਰਹਿਨੁਮਾਈ ਹੇਠ ਜੈਨੀ ਨੇ ਸੰਗੀਤ ਉਦਯੋਗ ਵਿੱਚ ਕਦਮ ਰੱਖਿਆ। 2015 ਵਿੱਚ ਰਿਲੀਜ਼ ਹੋਇਆ ਉਸਦਾ ਡੈਬਿਊ ਗੀਤ “ਯਾਰੀ ਜੱਟੀ ਦੀ” ਯੂਟਿਊਬ 'ਤੇ ਕਰੋੜਾਂ ਦਰਸ਼ਕਾਂ ਤੱਕ ਪਹੁੰਚਿਆ ਅਤੇ ਉਸਨੂੰ ਇੱਕ ਰਾਤ ਵਿੱਚ ਹੀ ਮਸ਼ਹੂਰੀ ਦਿਲਾ ਗਿਆ।

ਪ੍ਰਸਿੱਧ ਗੀਤ

ਜੈਨੀ ਜੋਹਲ ਨੇ ਸਾਲਾਂ ਦੌਰਾਨ ਕਈ ਹਿੱਟ ਗੀਤ ਦਿੱਤੇ ਹਨ, ਜਿਵੇਂ –

“ਗੋਲਡ ਵਰਗੀ”
“ਨਖਰਾ”
“ਕੁਰਤੀ ਗੁੱਚੀ ਦੀ”
“ਰੁੱਸਿ ਨਾ”
“ਰਿਪੀਟ ਸੋਹਣੀਏ”
“ਮਾਝੇ ਦੀਏ ਮੋਮਬੱਤੀਆਂ”
“ਦੋਵੇਂ ਨੈਣ” (ਫ਼ਿਲਮ ਲਵ ਪੰਜਾਬ ਵਿੱਚ)

ਉਸਦੇ ਗੀਤ ਸਿਰਫ਼ ਪੰਜਾਬ ਹੀ ਨਹੀਂ, ਵਿਦੇਸ਼ਾਂ ਵਿੱਚ ਵੀ ਪੰਜਾਬੀ ਕਮਿਊਨਿਟੀ ਵਿੱਚ ਬੇਹੱਦ ਪ੍ਰਸਿੱਧ ਹਨ।

ਸੰਗੀਤ ਦੇ ਨਾਲ-ਨਾਲ ਜੈਨੀ ਨੂੰ ਨਾਚਣਾ, ਯਾਤਰਾ ਕਰਨੀ ਅਤੇ ਆਪਣੇ ਪਾਲਤੂ ਕੁੱਤਿਆਂ ਨਾਲ ਸਮਾਂ



ਬਿਤਾਉਣਾ ਬਹੁਤ ਪਸੰਦ ਹੈ। ਉਸਦੇ ਪ੍ਰਸ਼ੰਸਕਾਂ ਅਨੁਸਾਰ, ਜੈਨੀ ਦੀ ਸਾਦਗੀ ਅਤੇ ਮਿਹਨਤ ਉਸਦੀ ਸਫਲਤਾ ਦਾ ਸਭ ਤੋਂ ਵੱਡਾ ਰਾਜ ਹੈ।

**ਸੰਗੀਤ ਵਿੱਚ ਨਵਾਂ ਰੁਝਾਨ**

ਜੈਨੀ ਨੇ ਹਮੇਸ਼ਾਂ ਆਪਣੇ ਗੀਤਾਂ ਵਿੱਚ ਪੰਜਾਬੀ ਸਭਿਆਚਾਰ ਅਤੇ ਆਧੁਨਿਕ ਸਟਾਈਲ ਦਾ ਸੁੰਦਰ ਮਿਲਾਪ ਕੀਤਾ ਹੈ। ਉਸਦੀ ਇਹ ਖਾਸੀਅਤ ਹੀ ਉਸਨੂੰ ਹੋਰ ਗਾਇਕਾਵਾਂ ਤੋਂ ਵੱਖਰਾ ਬਣਾਉਂਦੀ ਹੈ। ਸੰਗੀਤ ਪ੍ਰੇਮੀਆਂ ਲਈ ਜੈਨੀ ਨੇ ਹਾਲ ਹੀ ਵਿੱਚ ਇਸ਼ਾਰਾ ਦਿੱਤਾ ਹੈ ਕਿ ਉਹ ਜਲਦ ਹੀ ਆਪਣੇ ਨਵੇਂ ਐਲਬਮ ‘ਤੇ ਕੰਮ ਸ਼ੁਰੂ ਕਰਨ ਜਾ ਰਹੀ ਹੈ, ਜਿਸ ਵਿੱਚ ਪ੍ਰੇਮ ਗੀਤਾਂ ਤੋਂ ਇਲਾਵਾ ਪ੍ਰੇਰਕ ਗੀਤ ਵੀ ਸ਼ਾਮਲ ਹੋਣਗੇ।

**ਸੰਗੀਤ ਦੀ ਦੁਨੀਆ ਵਿੱਚ ਚੜ੍ਹਦਾ ਤਾਰਾ**

ਜੈਨੀ ਜੋਹਲ ਨੇ ਆਪਣੇ ਜਜ਼ਬੇ, ਮਿਹਨਤ ਅਤੇ ਸੁਰੀਲੀ ਆਵਾਜ਼ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਇਰਾਦੇ ਮਜ਼ਬੂਤ ਹੋਣ ਤਾਂ ਸਫਲਤਾ ਦੇ ਰਾਹ ਆਪਣੇ ਆਪ ਖੁਲ੍ਹ ਜਾਂਦੇ ਹਨ। ਪੰਜਾਬੀ ਸੰਗੀਤ ਪ੍ਰੇਮੀ ਉਮੀਦ ਕਰ ਰਹੇ ਹਨ ਕਿ ਆਉਣ ਵਾਲੇ ਸਾਲਾਂ ਵਿੱਚ ਵੀ ਉਹ ਹੋਰ ਯਾਦਗਾਰ ਗਾਣੇ ਤੋਹਫ਼ੇ ਵਜੋਂ ਦੇਵੇਗੀ।

**ਗੁਰਭਿੰਦਰ ਗੁਰੀ,**
**+447951 590424**

# ਮੋਬਾਈਲ ਤੇਰਾ ਬੇੜਾ ਗਰਕ

ਅੱਜ ਕੱਲ ਮੋਬਾਈਲ ਦਾ ਜਮਾਨਾ ਹੈ। ਅੱਜ ਕੱਲ ਜਿਸ ਨੂੰ ਵੀ ਦੇਖੋ ਉਹਦੇ ਹੱਥ ਵਿੱਚ ਮੋਬਾਈਲ ਜਰੂਰ ਹੁੰਦਾ ਹੈ। ਬੱਚਾ, ਬੁੱਢਾ, ਜਵਾਨ ,ਔਰਤ, ਅਫਸਰ, ਚਪੜਾਸੀ ਜਿਸ ਨੂੰ ਵੀ ਦੇਖੋ ਉਸ ਕੋਲ ਮੋਬਾਈਲ ਹੈ। ਕਈਆਂ ਕੋਲ ਦੋ ਦੋ ਤਿੰਨ ਤਿੰਨ ਮੋਬਾਈਲ ਹੁੰਦੇ ਹਨ ਔਰ ਹਰ ਮੋਬਾਈਲ ਵਿੱਚ ਦੋ ਦੋ ਸਿਮ ਪਾਏ ਹੁੰਦੇ ਹਨ। ਇਨਾ ਹੀ ਨਹੀਂ ਕੋਈ ਬੰਦਾ ਕਾਰ ਚਲਾ ਰਿਹਾ ਹੋਵੇ, ਮੋਟਰ ਸਾਈਕਲ ਜਾਂ ਸਾਈਕਲ ਚਲਾ ਰਿਹਾ ਹੋਵੇ, ਚਲਾਉਂਦੇ ਚਲਾਉਂਦੇ ਗਰਦਨ ਵਿੰਗੀ ਕਰਕੇ ਮੋਬਾਈਲ ਤੇ ਗੱਲ ਵੀ ਕਰ ਰਿਹਾ ਹੁੰਦਾ ਹੈ ਅਤੇ ਚਲਾ ਵੀ ਰਿਹਾ ਹੁੰਦਾ। ਇਸ ਨਾਲ ਜਿੱਥੇ ਕਾਰ ਚਲਾਉਣ ਵਾਲੇ ਜਾਂ ਸਕੂਟਰ ਚ ਲਾਣ ਵਾਲੇ ਦੀ ਗਰਦਨ ਤੇ ਪੁੱਠਾ ਅਸਰ ਪੈਂਦਾ ਹੈ ਉਥੇ ਐਕਸੀਡੈਂਟ ਹੋਣ ਦਾ ਵੀ ਖਤਰਾ ਹੁੰਦਾ ਹੈ। ਕਈ ਵਾਰ ਤਾਂ ਪੁਲਿਸ ਵਾਲਿਆਂ ਨੂੰ ਵੀ ਅਸੀਂ ਟਰੈਫਿਕ ਰੋਕਣ ਦੇ ਬਦਲੇ ਮੋਬਾਇਲ ਤੇ ਹੱਸ ਹੱਸ ਕੇ ਗੱਲਾਂ ਕਰਦੇ ਦੇਖਦੇ ਹਾਂ। ਜਦੋਂ ਕਿ ਕਾਨੂੰਨ ਦੇ ਮੁਤਾਬਿਕ ਜੇਕਰ ਕੋਈ ਕਾਰ ਜਾਂ ਸਕੂਟਰ ਚਲਾਉਂਦੇ ਹੋਏ ਮੋਬਾਈਲ ਤੇ ਗੱਲ ਕਰ ਰਿਹਾ ਹੋਵੇ ਤਾਂ ਉਸ ਦਾ ਚਲਾਨ ਹੋ ਜਾਣਾ ਚਾਹੀਦਾ ਹੈ। ਲੇਕਿਨ ਜਨਾਬ ਕੌਣ ਪੁੱਛਦਾ ਹੈ ਜੇਕਰ ਦੀਵੇ ਥੱਲੇ ਹੀ ਹਨੇਰਾ ਹੋਵੇ। ਜਦੋਂ ਕਰੋਨਾ ਸੀ ਤਾਂ ਉਸ ਵੇਲੇ ਬੱਚਿਆਂ ਨੂੰ ਮੋਬਾਈਲ ਤੇ ਆਨਲਾਈਨ ਪੜ੍ਹਾਈ ਕਰਾਈ ਜਾਂਦੀ ਸੀ। ਹੁਣ ਸਕੂਲ ਦੇ ਬੱਚਿਆਂ ਨੂੰ ਮੋਬਾਈਲ ਇਸਤੇਮਾਲ ਕਰਨ ਦਾ ਚਸਕਾ ਪੈ ਗਿਆ ਹੈ। ਹੋਰ ਤਾਂ ਹੋਰ ਇੱਕ ਮਹੀਨੇ ਦਾ ਰੋਂਦਾ ਹੋਇਆ ਬੱਚਾ ਵੀ ਮੋਬਾਇਲ ਦੇਖ ਕੇ ਰੋਣਾ ਬੰਦ ਕਰ ਦਿੰਦਾ ਹੈ। ਅੱਜ ਕੱਲ ਇੱਕ ਅਜੀਬ ਗੱਲ ਦੇਖੀ ਹੈ। ਬਹੁਤ ਸਾਰੇ ਮਾਪੇ ਆਪਣੇ ਪੰਜ ਛੇ ਸਾਲ ਦੇ ਬੱਚਿਆਂ ਨੂੰ ਮੋਬਾਈਲ ਦਿਖਾ ਕੇ ਰੋਟੀ ਖਵਾਉਂਦੇ ਹਨ। ਜੇਕਰ ਮੋਬਾਇਲ ਨਾ ਚੱਲ ਰਿਹਾ ਹੋਵੇ ਤਾਂ ਬੱਚਾ ਜਿੱਦ ਕਰਦਾ ਹੈ ਅਤੇ ਰੋਟੀ ਨਹੀਂ ਖਾਂਦਾ। ਛੋਟੇ ਬੱਚੇ ਕਈ ਵਾਰ ਅਸ਼ਲੀਲ ਐਪ ਲਗਾ ਕੇ ਮੋਬਾਈਲ ਤੇ ਗੰਦੀਆਂ ਤਸਵੀਰਾਂ ਦੇਖਦੀਆਂ ਹਨ ਜਾਂ ਹਿੰਸਾ ਵਾਲੀਆਂ ਪੋਸਟਾਂ ਦੇਖਦੇ ਹਨ ਜਿਸ ਕਰਕੇ ਉਹਨਾਂ ਦੀ ਮਾਨਸਿਕਤਾ ਅਤੇ ਵਿਹਾਰ ਤੇ ਗਲਤ ਅਸਰ ਪੈਂਦਾ ਹੈ।

ਸਮਾਜ ਵੀਕਲੀ ਨਿਊਜ਼



ਲਗਾਤਾਰ ਮੋਬਾਈਲ ਦਾ ਇਸਤੇਮਾਲ ਕਰਨ ਤੇ ਅੱਖਾਂ ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਅੱਜ ਕੱਲ ਤੁਸੀਂ ਛੋਟੇ ਛੋਟੇ ਬੱਚਿਆਂ ਨੂੰ ਐਨਕਾਂ ਲੱਗੀਆਂ ਹੋਈਆਂ ਜੋ ਦੇਖਦੇ ਹੋ ਨਾ ਉਹ ਮੋਬਾਈਲ ਦਾ ਜਿਆਦਾ ਇਸਤੇਮਾਲ ਕਰਨ ਦਾ ਹੀ ਨਤੀਜਾ ਹੈ। ਕਈ ਡਾਕਟਰਾਂ ਦਾ ਕਹਿਣਾ ਹੈ ਕਿ ਲਗਾਤਾਰ ਮੋਬਾਈਲ ਦੇਖਣ ਨਾਲ ਬੱਚਿਆਂ ਵਿੱਚ ਅੰਨਾਪਣ ਵੀ ਵੱਧ ਸਕਦਾ ਹੈ। ਕਈ ਮੁਲਕਾਂ ਵਿੱਚ ਤਾਂ ਮੋਬਾਈਲ ਦਾ ਜਿਆਦਾ ਇਸਤੇਮਾਲ ਕਰਨ ਤੇ ਬੱਚਿਆਂ ਦੀ ਨਜ਼ਰ ਤੇ ਬੁਰਾ ਅਸਰ ਪੈਂਦਾ ਹੈ ਉਸ ਤੇ ਇਲਾਜ ਲਈ ਵੱਖਰੇ ਕਲੀਨਿਕ ਖੋਲੇ ਗਏ ਹਨ। ਕੁਝ ਮੁਲਕਾਂ ਦੀਆਂ ਸਰਕਾਰਾਂ ਨੇ ਛੋਟੇ ਬੱਚਿਆਂ ਦਾ ਮੋਬਾਈਲ ਇਸਤੇਮਾਲ ਕਰਨਾ ਗੈਰ ਕਾਨੂੰਨੀ ਕਰਾਰ ਕਰ ਦਿਤਾ ਹੈ। ਅਤੇ ਇਹ ਹੁਕਮ ਜਾਰੀ ਕੀਤਾ ਹੈ ਕਿ ਇੱਕ ਖਾਸ ਉਮਰ ਤੋਂ ਬਾਅਦ ਬੱਚੇ ਆਪਣੇ ਮਾਪਿਆਂ ਦੀ ਇਜਾਜ਼ਤ ਦੇ ਨਾਲ ਹੀ ਮੋਬਾਈਲ ਦੇਖਣਗੇ ਅਤੇ ਅਸ਼ਲੀਲ ਐਪ ਨਹੀਂ ਦੇਖਣਗੇ। ਮੋਬਾਈਲ ਵਿੱਚੋਂ ਬੜੀਆਂ ਖਤਰਨਾਕ ਤਰੰਗਾਂ ਨਿਕਲਦੀਆਂ ਹਨ ਜਿਹੜੀਆਂ ਆਦਮੀ ਦੇ ਦਿਮਾਗ ਤੇ, ਨਜ਼ਰ ਤੇ, ਯਾਦਾਸ਼ਤ ਤੇ ਬੁਰਾ ਅਸਰ ਪਾਉਂਦੇ ਹਨ। ਬੇਸ਼ੱਕ ਮੋਬਾਇਲ ਦੇ ਕੁਝ ਫਾਇਦੇ ਹਨ। ਇਸ ਦੀ ਮਦਦ ਦੇ ਨਾਲ ਗੂਗਲ ਤੋਂ ਸਾਨੂੰ ਸਭ ਕਿਸਮ ਦੀ ਜਾਣਕਾਰੀ ਮਿਲ ਜਾਂਦੀ ਹੈ, ਇਹ ਕੈਲਕੂਲੇਟਰ ਦਾ ਵੀ ਕੰਮ ਕਰਦਾ ਹੈ, ਇਸ ਦੀ ਮਦਦ ਨਾਲ ਕਿਸੇ ਦੂਸਰੇ ਬੰਦੇ ਨੂੰ ਇਕ ਮਿੰਟ ਵਿੱਚ ਪੈਸੇ ਵੀ ਟਰਾਂਸਫਰ ਕੀਤੇ ਜਾ ਸਕਦੇ ਹਨ, ਸਰਕਾਰੀ ਪ੍ਰਬੰਧ ਵਿੱਚ ਵੀ ਮੋਬਾਈਲ ਲਾਭਦਾਇਕ ਹੋ ਸਕਦਾ ਹੈ। ਲੇਕਿਨ ਇਹ ਚੋਰਾਂ ਦੀ ਚੋਰੀ ਕਰਨ ਵਿੱਚ ਅਤੇ ਲੋਕਾਂ ਦੇ ਬੈਂਕਾਂ ਵਿੱਚੋਂ ਪੈਸੇ ਕਢਵਾਉਣ ਵਿੱਚ ਵੀ ਗਲਤ ਤਰੀਕੇ ਨਾਲ ਮਦਦ ਕਰਦਾ ਹੈ, ਮੋਬਾਈਲ ਦੇ ਬਾਅਦ ਚੋਰੀ, ਕਤਲ, ਬਲਾਤਕਾਰ, ਅਸ਼ਲੀਲ ਫੋਟੋ ਬਣਾਉਣਾ ਅਤੇ ਅਪਰਾਧ ਬਹੁਤ ਵਧ ਗਏ ਹਨ। ਮੋਬਾਇਲ ਨੇ ਲੋਕਾਂ ਦਾ ਆਪਸ ਵਿੱਚ ਮਿਲਣਾ ਜੁਲਣਾ ਅਤੇ ਪਿਆਰ ਘਟਾ ਦਿੱਤਾ ਹੈ। ਬੇਸ਼ਕ ਮੋਬਾਈਲ ਦੀ ਮਦਦ ਦੇ ਨਾਲ ਅਸੀਂ ਦੂਰ ਬੈਠੇ ਕਿਸੇ ਵੀ ਆਦਮੀ ਦੀ ਫੋਟੋ ਦੇਖ ਕੇ ਉਸ ਨਾਲ ਗੱਲਬਾਤ ਕਰ ਸਕਦੇ ਹਾਂ ਇਸ ਨਾਲ ਆਪਸ ਵਿੱਚ ਮੇਲ ਜੋਲ ਅਤੇ ਦਿਲ ਦਾ ਹਾਲ ਵੰਡਣ ਦਾ ਸਮਾਂ ਹੁਣ ਬੀਤ ਗਿਆ ਹੈ। ਅਸਲ ਵਿੱਚ ਦੇਖਿਆ ਜਾਏ ਤਾਂ ਮੋਬਾਈਲ ਇਕ ਦੋ ਧਾਰੀ ਤਲਵਾਰ ਹੈ। ਇਸ ਤੇ ਜਿੱਥੇ ਫਾਇਦੇ ਹਨ ਉਸ ਤੇ ਮੁਕਾਬਲੇ ਨੁਕਸਾਨ ਜਿਆਦਾ ਹਨ। ਉਹਨਾਂ ਨੂੰ ਦੇਖਦੇ ਹੋਏ ਮੈਂ ਤਾਂ ਇਹੀ ਕਹਾਂਗਾ ਮੋਬਾਈਲ ਤੇਰਾ ਬੇੜਾ ਗਰਕ ਹੋਵੇ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 90 45**
**ਰੋਹਤਕ (ਹਰਿਆਣਾ )**

# "ਸਿਆਸਤ ਦੀ ਕਾਰਗੁਜਾਰੀ ਤੇ ਚਿੰਤਤ ਪੁਸਤਕ - ਤਿ.ਲਫੁੱਲ"


**ਪੁਸਤਕ ਦਾ ਨਾਂ -**
**ਤਿ.ਲਫੁੱਲ (ਕਾਵਿ ਸੰਗ੍ਰਹਿ)**
**ਲੇਖਕ - ਪ੍ਰੋ. ਸ਼ੇਰ ਸਿੰਘ ਕੰਵਲ**
**ਪੰਨੇ - 132**
**ਕੀਮਤ - 395/- ਰੁਪਏ**
**ਪ੍ਰਕਾਸ਼ਕ -**
**ਲੋਕ ਗੀਤ ਪ੍ਰਕਾਸ਼ਨ, ਮੁਹਾਲੀ।**

ਹਥਲੀ ਪੁਸਤਕ 'ਤਿ.ਲਫੁੱਲ' ਪ੍ਰਵਾਸੀ ਲੇਖਕ ਪ੍ਰੋ. ਸ਼ੇਰ ਸਿੰਘ ਕੰਵਲ ਦੀ ਯਾਰਵੀਂ ਕਾਵਿ ਪੁਸਤਕ ਹੈ।
ਇਸ ਪੁਸਤਕ ਤੋਂ ਪਹਿਲਾਂ ਇਕ ਗ਼ਜ਼ਲ ਸੰਗ੍ਰਹਿ, ਦੋ ਵਿਅੰਗ ਪੁਸਤਕਾਂ, ਇਕ ਕਿੱਸਾ ਪੁਸਤਕ ਅਤੇ ਤਿੰਨ ਵਾਰਤਕ ਦੀਆਂ ਪੁਸਤਕਾਂ ਪਾਠਕਾਂ ਦੇ ਸਨਮੁੱਖ ਹੋ ਚੁੱਕੀਆਂ ਹਨ। ਲੇਖਕ ਨੇ ਇਹ ਪੁਸਤਕ ਆਪਣੀ ਸੁਪਤਨੀ ਸ੍ਰੀਮਤੀ ਸਤਵੰਤ ਕੌਰ ਨੂੰ ਸਮਰਪਿਤ ਕੀਤੀ ਹੈ। ਕੁਝ ਪੁਸਤਕਾਂ ਪੁਰਸਕਾਰ ਪ੍ਰਾਪਤ ਵੀ ਹਨ। ਪੁਸਤਕ ਦਾ ਨਿੱਠ ਕੇ ਅਧਿਐਨ ਕਰਨ ਤੇ ਗਿਆਨ ਗੋਚਰ ਹੁੰਦੀ ਪੁਸਤਕ ਤਿ.ਲਫੁੱਲ ਦੱਸਦੀ ਹੈ ਕਿ ਲੇਖਕ ਭਾਵੇਂ ਇਸ ਸਮੇਂ ਪ੍ਰਦੇਸ ਵਿਚ ਹੈ ਪਰ ਮੌਲਿਕ ਤੌਰ ਤੇ ਭਾਰਤੀ, ਖਾਸ ਤੌਰ ਤੇ ਪੰਜਾਬੀ ਹੈ। ਉਸ ਨੂੰ ਭਾਰਤ ਅਤੇ ਪੰਜਾਬ ਦੀ ਸਿਆਸਤ ਬਹੁਤ ਪ੍ਰੇਸ਼ਾਨ ਕਰਦੀ ਜਾਪਦੀ ਹੈ। ਪੁਸਤਕ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲਾ ਭਾਗ ਵਿਅੰਗ ਵਹਿਣ ਦਾ ਹੈ ਜਿਹੜਾ ਪੁਸਤਕ ਦਾ ਅੱਧ ਤੋਂ ਵੱਧ ਭਾਗ ਘੇਰਦਾ ਹੈ ਅਤੇ ਦੂਜਾ ਕਾਵਿ ਰੰਗ, ਜਿਸ ਵਿੱਚ ਕੁਝ ਕਾਵਿ ਚਿੱਤਰ ਅਤੇ ਕਵਿਤਾਵਾਂ ਦਰਜ ਕੀਤੀਆਂ ਹਨ। ਵਿਅੰਗ ਵਹਿਣ ਨੂੰ ਛੇ - ਛੇ ਬੰਦਾਂ ਵਿੱਚ ਕਵੀਸ਼ਰੀ ਵਾਂਗ ਜੋੜਿਆ ਗਿਆ ਹੈ। ਇਹ ਭਾਗ ਭਾਵੇਂ ਵਿਦੇਸ਼ੀ ਪੰਜਾਬੀ ਪੱਤਰਾਂ ਵਿੱਚ ਛਪਦਾ ਰਿਹਾ ਹੈ ਪਰ ਉਸ ਨੇ ਪਾਠਕਾਂ ਨੂੰ ਪੁਸਤਕ ਦੇ ਰੂਪ ਵਿਚ ਭੇਟ ਕੀਤਾ ਹੈ।

ਸਮਾਜ ਵੀਕਲੀ ਨਿਊਜ਼

ਪੰਜਾਬ ਦੀ ਸਿਆਸਤ ਵਿੱਚ ਅਕਾਲੀ ਭਾਜਪਾ ਗਠਜੋੜ ਵੱਲੋਂ ਕੀਤੇ ਪੰਜਾਬ ਦੇ ਨੁਕਸਾਨ ਦਾ ਬਾਖੂਬੀ ਵਰਨਣ ਕੀਤਾ ਗਿਆ ਹੈ। ਪੰਜਾਬ ਵਿੱਚ ਵਧਦੇ ਨਸ਼ੇ, ਕਿਸਾਨੀ ਦੀ ਬਦਤਰ ਹਾਲਤ, ਚਿੱਟੇ ਬਗਲੇ ਸਾਧ, ਰੇਤੇ ਬਜਰੀ ਦੀ ਲੁੱਟ, ਦਲ ਬਦਲੀ, ਰਿਜਰਵੇਸ਼ਨ, ਪਾਣੀਆਂ ਦੇ ਮਸਲੇ, ਐਸ ਵਾਈ ਐਲ, ਬੇਰੋਜ਼ਗਾਰੀ ਅਤੇ ਸਿਆਸਤ ਦੀ ਕਾਰਗੁਜਾਰੀ ਬਾਰੇ ਕਾਵਿ ਛੰਦਾਂ ਰਾਹੀਂ ਹਾਲਾਤ ਬਿਆਨ ਕੀਤੇ ਹਨ। ਬਹੁਤ ਸਾਰੇ ਸਿਆਸਤਦਾਨਾਂ ਦੇ ਨਾਮ ਨਾਲ ਇਹ ਕਾਵਿ ਬੰਦ ਸ਼ੁਰੂ ਕੀਤੇ ਹਨ। ਹਾਲਾਂ ਕਿ ਸਪੱਸ਼ਟ ਨਾਮ ਦੀ ਥਾਂ ਸੰਕੇਤਕ ਸ਼ਬਦਾਂ ਦੀ ਵਰਤੋਂ ਕਰਨੀ ਚਾਹੀਦੀ ਸੀ। ਸਿੱਖ ਕੌਮ ਨੂੰ ਲੱਗੀ ਢਾਅ, ਪੰਜਾਬ ਦੇ ਵਿਗੜਦੇ ਹਾਲਾਤ ਤੋਂ ਚਿੰਤਾਤੁਰ ਜਾਪਦਾ ਹੈ। ਉਹ ਦੇਸ਼ ਦੇ ਹਾਲਾਤ ਸੁਧਾਰਨ ਲਈ ਰੱਬ ਅੱਗੇ ਅਰਜੋਈ ਕਰਦਾ ਹੈ। ਇਕ ਬੰਦ ਦਾ ਮੁਲਾਹਜਾ ਫਰਮਾਓ -

" ਅੱਛੇ ਦਿਨ ਹੇ ਰੱਬਾ ਛੇਤੀ
ਭਾਰਤ ਵਿਚ ਲਿਆ ਦੇਹ।
ਚੋਰ ਉਚਕੇ ਬਣੇ ਚੌਧਰੀ ਸਭ
ਨੂੰ ਖੂੰਜੇ ਲਾ ਦੇਹ।" (ਪੰਨਾ 59)




ਇਸੇ ਤਰ੍ਹਾਂ ਪੁਸਤਕ ਵਿਚ ਕਿਸਾਨਾਂ ਨੂੰ ਆਤਮਹੱਤਿਆ ਕਰਨ ਤੋਂ ਰੋਕਣ ਦਾ ਉਪਰਾਲਾ ਕਰਦਿਆਂ ਇਕ ਕਾਵਿ ਬੰਦ ਵਿਚ ਆਪਣੇ ਪਰਿਵਾਰ ਨਾ ਰੋਲਣ ਦੀ ਗੱਲ ਕਰਦੀ ਹੈ -

" ਸੁਣੋ ਕਿਸਾਨੋ ਅਤਿ ਔਖੇ ਹੋ
ਆਪਣਾ ਮਨ ਸਮਝਾਵੋ।
ਬਨੋਂ ਲੱਕ ਤੇ ਰੱਖੋ ਹੌਸਲਾ
ਤੁਸੀ ਨਾ ਢੇਰੀ ਢਾਵੋ।
ਤੁਸੀ ਨਾ ਢੇਰੀ ਢਾਵੋ ਕਦੇ
ਖੁਦਕੁਸ਼ੀ ਨਾ ਕਰਨਾ।
ਰੁਲ ਜਾਵਣ ਪ੍ਰਵਾਰ ਮੌਤ ਨਹੀਂ
ਐਸੀ ਮਰਨਾ।
ਕਹੈ ਕੰਵਲ ਕਵੀ ਰਾਇ ਐਵੇਂ
ਨਾ ਜਿੰਦ ਗਵਾਓ।
ਮਰਨਾ ਹੀ ਜੇ ਮਿਥਿਆ
ਦੁਸ਼ਮਣ ਮਾਰ ਮੁਕਾਓ।"
(ਪੰਨਾ 84)

ਪੁਸਤਕ ਦੇ ਦੂਜੇ ਭਾਗ ਵਿੱਚ ਬਾਬਾ ਦੀਪ ਸਿੰਘ ਜੀ, ਪਾਰਸ, ਬੁੱਲ੍ਹਿਆ ਆਦਿ ਕਾਵਿ ਚਿੱਤਰ ਅਤੇ ਦਿਲਗੀਰੀ, ਦਿਲ ਦੇ ਜੂ ਦਰਿਆ, ਨਦੀ ਅਤੇ ਅੰਤ ਵਿਚ ਮੁੱਕ ਚਲੀਆਂ ਹਨ ਵਾਟਾਂ ਆਦਿ ਕਵਿਤਾਵਾਂ ਨੂੰ ਲਿਆ ਗਿਆ ਹੈ।
ਕਵੀ ਨੇ ਇਸ ਪੁਸਤਕ ਦੀ ਸਿਰਜਣਾ ਬਿਲਕੁਲ ਨਿਧੜਕ ਅਤੇ ਨਿਸੰਗ ਹੋ ਕੇ ਕੀਤੀ ਹੈ। ਇਸ ਤਰ੍ਹਾਂ ਦੀ ਸਿਰਜਣਾ ਲਈ ਬੇਬਾਕ ਹੋਣਾ ਕਵੀ ਦੀ ਦਲੇਰੀ ਅਤੇ ਸੋਚ ਨੂੰ ਸਲਾਮ ਹੈ।



**ਤੇਜਿੰਦਰ ਚੰਡਿਹੋਕ, ਐਮ ਏ, ਸਾਬਕਾ ਏ ਐਸ ਪੀ (ਰਾਸ਼ਟਰਪਤੀ ਤੋਂ ਐਵਾਰਡ ਜੇਤੂ) ਸੰਸ. ਅਤੇ ਪ੍ਰਧਾਨ ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ।**

## ਅਜੇ ਵੀ ਸਬਕ ਸਿੱਖਣ ਦਾ ਵੇਲ਼ਾ

ਕੁਦਰਤ ਬੜੇ ਚਿਰਾਂ ਤੋਂ ਕਹਿੰਦੀ ਸੀ ,
ਬੰਦਿਆ ਨਾ ਏਨਾ ਕਹਿਰ ਕਮਾ ।
ਜੇ ਤੂੰ ਨਾ ਰੁਕਿਆ ਤਾਂ ਇਸ ਦੀ ਤੈਨੂੰ ,
ਆਖ਼ਰ ਇੱਕ ਦਿਨ ਮਿਲੂ ਸਜ਼ਾ ।
ਐਪਰ ਬੰਦਾ ਤਾਂ ਲਾਲਚ ਦੇ ਵਿੱਚ ,
ਅੰਨ੍ਹਾਂ ਤੇ ਬੋ਼ਲਾ ਹੋ ਗਿਆ ਸੀ ;
ਹੁਣ ਜਦ ਵਾਰੀ ਆਈ ਕੁਦਰਤ ਦੀ ,
ਉਸ਼ਾ।ਹਾਕਮ ਵੀ ਲਏ ਨਾ਼ਲ



ਮੂਲ ਚੰਦ ਸ਼ਰਮਾ
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

## .ਗ਼ਜ਼ਲ



ਦੇਖਣ ਨੂੰ ਉਹ ਭਾਵੇਂ ਇੱਕ ਲਿਖਾਰੀ ਹੈ।
ਪਰ ਉਹਦੇ ਵਿੱਚ ਅੰਤਾਂ ਦੀ ਲਾਚਾਰੀ ਹੈ।

ਸਾਊ ਬੰਦੇ ਨਾਲ ਕਦੇ ਉਹ ਖੜ੍ਹਦਾ ਨਾ,
ਲੁੱਚੇ-ਲੰਡੇ ਨਾਲ ਪੁਗਾਉਂਦਾ ਯਾਰੀ ਹੈ।

ਬੀਬਾ ਬਾਣਾ ਸ਼ਰਮਾਂ ਛਿੱਕੇ ਟੰਗੀਆਂ ਨੇ,
ਸਮਝੋਂ ਬਾਹਰ ਹੋਈ ਇਹ ਹੁਸ਼ਿਆਰੀ ਹੈ।

ਹਲਵਾ-ਪੂਰੀ ਛਕਣੀ ਜਾ ਜਾ ਭਾਗੋ ਦੇ,
ਕਵੀਆ ਤੇਰੀ ਲਾਲੋ ਨਾਲ ਗੱਦਾਰੀ ਹੈ।

ਭਾਵੇਂ ਘਰ ਵਿੱਚ ਦਿਸਦੀ ਕੋਈ ਤੋਟ ਨਹੀਂ,
ਤਾਂ ਵੀ ਸੇਵਾ-ਫਲ ਦੀ ਕਲਮ ਭਿਖਾਰੀ ਹੈ।

ਡਟ ਕੇ ਕਿਰਤੀ-ਕਾਮੇ ਦੇ ਜੋ ਨਾਲ ਖੜ੍ਹੀ,
ਲੋਕਾਂ ਨੇ ਤਾਂ ਲਿਖਤ ਉਹੀ ਸਤਿਕਾਰੀ ਹੈ।

'ਜ਼ਖ਼ਮੀ' ਓੜਕ ਸੱਚ ਦੇ ਝੰਡੇ ਝੂਲਣਗੇ,
ਤਿਕੜਮਬਾਜ਼ੀ ਦਾ ਤਾਂ ਅੰਤ ਖੁਆਰੀ ਹੈ।



ਕਰਮ ਸਿੰਘ ਜ਼ਖ਼ਮੀ
ਸੰਪਰਕ: 98146-28027

## ਧਰਨਾ

ਕਰ ਅਰਦਾਸਾਂ ਚਲੇ ਹੋਂ ਜੰਗ ਜਿੱਤਣ ਲਈ,
ਝੋਲੀ ਦੇ ਵਿੱਚ ਅਪਣੇ ਜਿੱਤ ਪਵਾਕੇ ਮੁੜਿਓ !
ਅਪਣੇ ਹੱਕ ਮੰਗਦਿਆਂ ਪਰਚੇ ਹੋਏ ਜੋ ,
ਉਹਨਾਂ ਦੇ ਪਰਚੇ ਰੱਦ ਕਰਾ ਕੇ ਮੁੜਿਓ !
ਸਾਡੇ ਦਰ ਤੇ ਆਉਣਗੇ ਵੋਟਾਂ ਮੰਗਣ ਇਹ ,
ਵੋਟਾਂ ਵੇਲੇ ਨੋਟਾ ਬਟਨ ਦਬਾ ਕੇ ਮੁੜਿਓ !
ਮਾੜਾ ਸਿਸਟਮ ਮੁਢੋਂ ਹੀ ਸਰਕਾਰਾਂ ਦਾ,
ਇਹ ਸਰਕਾਰ ਦੀ ਗੋਡੀ ਹੁਣ ਲਵਾ ਕੇ ਮੁੜਿਓ !
ਭੱਜ ਦਿਆਂ ਨੂੰ ਵਾਹਣ ਹੁੰਦੇ ਇਕੋ ਜੇ,
ਅਪਣੇ ਪ੍ਰੰਬਧਕੀ ਢਾਂਚੇ ਨੂੰ ਸਮਝਾ ਕੇ ਮੁੜਿਓ !
ਸੀ.ਓ.ਆਖੇ ਚੱਕੋ ਧਰਨਾ ਪਰਚਾ ਰੱਦ ਕਰਾਵਾਂ,
ਇਹਦੀ ਤੁਸੀਂ ਤੱਸਲੀ ਹੁਣ ਕਰਵਾਕੇ ਮੁੜਿਓ!
ਗਰਮਜੋਸ਼ੀ ਦੇ ਨਾਹਰਿਆਂ ਦੇ ਨਾਲ ਚੰਡੀਗੜ੍ਹ ਹੁਣ ਗੂੰਜੇ,
ਮੇਨ ਗੇਟ ਦੇ ਮੂਹਰੇ ਦਰੀ ਵਿਛਾਕੇ ਮੁੜਿਓ!
ਕਿੰਨਾਂ ਔਖਾ ਕੰਮ ਹੈ ਸੀਵਰਮੈਨਾਂ ਦਾ,
ਅੱਕਲ ਇਹਦੇ ਖਾਨੇ ਦੇ ਵਿੱਚ ਪਾ ਕੇ ਮੁੜਿਓ!
ਕੁਲਦੀਪ ਪਹੁੰਚਿਆ ਜੋ ਵੀ ਇਸ ਧਰਨੇ ਵਿਚ,
ਭੁੱਖਾ ਨਾ ਕੋਈ ਜਾਵੇ ਲੰਗਰ ਛਕਾ ਕੇ ਮੁੜਿਓ!



ਕੁਲਦੀਪ ਸਿੰਘ ਬੁਢਲਾਡਾ
ਮੋ:7696606733

## ਕੁਦਰਤ

ਕੁਦਰਤ ਜਦੋਂ ਤੂਫ਼ਾਨ ਚਲਾਂਦੀ,
ਹਰ ਹੱਦ ਸੀਮਾ ਆਪ ਮਿਟਾਂਦੀ।

ਧਰਤੀ ਕੰਬੇ, ਅਸਮਾਨ ਗੂੰਜੇ,
ਬਿਜਲੀ ਅੱਗ ਵਾਂਗ ਲਹਿਰਾਂਦੀ।

ਨਦੀਆਂ ਰਾਹ ਨਵੇਂ ਬਣਾਂਦੀਆਂ,
ਵੇਗ ਵਿਚ ਪਹਾੜ ਉਡਾਂਦੀਆਂ।

ਮਨੁੱਖੀ ਸ਼ਕਤੀ ਸਭ ਹਾਰ ਜਾਂਦੀ,
ਕੁਦਰਤ ਜਦੋਂ ਹੱਦਾਂ ਦਿਖਾਂਦੀ।

ਫੇਰ ਹਕੂਮਤ ਖੜ੍ਹੀ ਰਹਿ ਜਾਂਦੀ,
ਕੁਦਰਤ ਸਾਹਮਣੇ ਸੀਸ ਨਵਾਂਦੀ।



ਮੰਜੂ ਰਾਇਕਾ

## .ਗ਼ਜ਼ਲ

ਸਿਖਰ ਦੁਪਹਿਰੇ ਕਿੰਨੇ ਹੀ ਰੰਗ ਛਲ ਜਾਂਦੇ ਨੇ।
ਸੂਰਜ ਢਲਿਆਂ , ਪਰਛਾਵੇਂ ਵੀ ਢਲ ਜਾਂਦੇ ਨੇ।

ਪੰਛੀ ਰਿਜਕ ਜਮ੍ਹਾਂ ਨਈਂਓ ਕਰਦੇ ਕਿਧਰੇ ਵੀ,
ਆਖਰ ਬੋਟ ਤਾਂ ਉਹਨਾਂ ਦੇ ਵੀ ਪਲ ਜਾਂਦੇ ਨੇ।

ਜੋ ਚਿਤ ਚੇਤੇ ਨਈਂ ਹੁੰਦਾ ਉਹ ਵੀ ਹੋ ਜਾਂਦੈ,
ਬਣਦੇ ਬਣਦੇ ਮੌਕੇ ਵੀ ਕਈ ਟਲ ਜਾਂਦੇ ਨੇ।

ਹਾਲਤ ਉੱਤੇ ਜਦ ਵੀ ਕਾਬੂ ਨਈਂ ਰਹਿੰਦਾ,
ਸਾਂਭ ਸਾਂਭ ਕੇ ਰੱਖੇ ਫਲ ਵੀ ਗਲ ਜਾਂਦੇ ਨੇ।

ਸਾਹਾਂ ਨਾਲੋਂ ਨੇੜੇ ਜੋ ਸਾਕ ਸਕੇ ਜਾਪਣ ,
ਔਖੇ ਵੇਲੇ ਗੈਰਾਂ ਸੰਗ ਉਹ ਰਲ ਜਾਂਦੇ ਨੇ।


ਸਹਿਜ ਸੁਭਾ ਵਾਲੇ ਤਪਸ਼ ਨੂੰ ਠਾਰ ਕੇ ਧਰ ਦੇਵਣ,
ਗੁੱਸੇ- ਖੋਰੇ ਬਿਨ ਅਗਨੀ ਤੋਂ ਜਲ ਜਾਂਦੇ ਨੇ।

ਅਨੁਸ਼ਾਸਨ ਵਿਚ ਲੜੀਏ ਭਾਂਵੇ ਲੱਖ ਵਾਰੀ,
ਜੰਗਲ ਰਾਜ 'ਚ ਖਹਿ ਕੇ ਰੁੱਖ ਵੀ ਬਲ ਜਾਂਦੇ ਨੇ।

ਉਹ ਹਾਕਮ ਹੱਲ ਕਰਨਗੇ ਮਸਲੇ ਦੱਸ ਕਿੱਦਾਂ,
ਜੀਤ ਜੁ ਮੁੱਦੇ ਚੁੱਕਿਆਂ ਜੀਭ ਹੀ ਮਲ ਜਾਂਦੇ ਨੇ।



ਅਮਰਜੀਤ ਸਿੰਘ ਜੀਤ
+919417287122



# ਪ੍ਰਸ਼ਾਸਨ ਨੇ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਰਾਹਤ ਸਮੱਗਰੀ ਦੇ ਪੰਜ ਟਰੱਕ ਰਵਾਨਾ ਕੀਤੇ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਰੂਪਨਗਰ ਦੇ ਐਸਐਸਪੀ ਗੁਲਨੀਤ ਸਿੰਘ ਖੁਰਾਣਾ, ਬਲਾਚੌਰ ਦੇ ਸਬ ਡਿਵੀਜ਼ਨਲ ਮੈਜਿਸਟ੍ਰੇਟ ਕ੍ਰਿਤਿਕਾ ਗੋਇਲ ਨੇ ਸੋਮਵਾਰ ਨੂੰ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਰਾਹਤ ਸਮੱਗਰੀ ਦੇ ਪੰਜ ਟਰੱਕ ਰਵਾਨਾ ਕੀਤੇ। ਐਸਡੀਐਮ ਕ੍ਰਿਤਿਕਾ ਗੋਇਲ ਨੇ ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਦੇ ਪ੍ਰਬੰਧਨ ਅਤੇ ਹੋਰ ਸੰਗਠਨਾਂ ਦਾ ਸੂਬੇ ਦੇ ਇਸ ਔਖੇ ਸਮੇਂ ਵਿੱਚ ਪ੍ਰਸ਼ਾਸਨ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਲਈ ਧੰਨਵਾਦ ਵੀ ਕੀਤਾ। ਬਾਬਾ ਅਵਤਾਰ ਸਿੰਘ ਨੇ



ਕਿਹਾ ਕਿ ਗੁਰਦੁਆਰਾ ਟਿੱਬੀ ਸਾਹਿਬ ਪਹਿਲੀ ਖੇਪ ਵਜੋਂ ਡੇਰਾ ਬਾਬਾ ਨਾਨਕ ਅਤੇ ਰਾਮਦਾਸ ਖੇਤਰਾਂ ਵਿੱਚ ਚਾਰੇ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦੇ 12 ਟਰੱਕ ਭੇਜ ਰਿਹਾ ਹੈ ਅਤੇ ਸੰਗਤ ਲੋੜ ਪੈਣ 'ਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹੋਰ ਮਦਦ ਕਰਨ ਲਈ ਤਿਆਰ ਹੈ। ਐਸਡੀਐਮ ਨੇ ਕਿਹਾ ਕਿ ਇਸ ਸਮੇਂ ਸਤਲੁਜ ਦਰਿਆ ਦੇ ਨਾਲ ਲੱਗਦੇ ਸਬ ਡਿਵੀਜ਼ਨ ਵਿੱਚ ਸਥਿਤੀ ਕਾਬੂ ਹੇਠ ਹੈ ਅਤੇ ਪ੍ਰਸ਼ਾਸਨ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ। ਹੁਸ਼ਿਆਰਪੁਰ ਵਿੱਚ ਭਾਰੀ ਬਾਰਿਸ਼ ਕਾਰਨ 7 ਲੋਕਾਂ ਦੀ ਮੌਤ, ਮੁੱਖ ਮੰਤਰੀ ਮਾਨ ਨੇ 28 ਲੱਖ ਰੁਪਏ ਦਿੱਤੇ।

# ਸੰਸਦ ਮੈਂਬਰ ਡਾ. ਰਾਜ ਨੇ ਪ੍ਰਭਾਵਿਤ ਪਰਿਵਾਰਾਂ ਨੂੰ ਮੁਆਵਜ਼ਾ ਸੌਂਪਿਆ

**ਮਾਹਿਲਪੁਰ ਰਪੁਰ (ਸਤਨਾਮ ਸਿੰਘ ਸਹੂੰਗੜਾ)** ਪਿਛਲੇ ਕੁਝ ਦਿਨਾਂ ਤੋਂ ਹੁਸ਼ਿਆਰਪੁਰ ਵਿੱਚ ਹੋ ਰਹੀ ਭਾਰੀ ਬਾਰਿਸ਼ ਨੇ ਹਜ਼ਾਰਾਂ ਲੋਕਾਂ ਦੇ ਜੀਵਨ ਨੂੰ ਉਥਲ-ਪੁਥਲ ਕਰ ਦਿੱਤਾ ਹੈ ਅਤੇ ਸੱਤ ਲੋਕਾਂ ਦੀ ਜਾਨ ਲੈ ਲਈ ਹੈ। ਛੱਤ ਡਿੱਗਣ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ ਜਦੋਂ ਕਿ ਤਿੰਨ ਹੋਰ ਲਗਾਤਾਰ ਬਾਰਿਸ਼ ਕਾਰਨ ਆਏ ਹੜ੍ਹ ਦੇ ਪਾਣੀ ਵਿੱਚ ਡੁੱਬ ਗਏ। ਇਸ ਦੁਖਾਂਤ 'ਤੇ ਤੁਰੰਤ ਪ੍ਰਤੀਕਿਰਿਆ ਦਿੰਦੇ ਹੋਏ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਭਾਵਿਤ ਪਰਿਵਾਰਾਂ ਲਈ ਤੁਰੰਤ 4-4 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ, ਜੋ ਕਿ ਕੁੱਲ 28 ਲੱਖ ਰੁਪਏ ਬਣਦੀ ਹੈ। ਹੁਸ਼ਿਆਰਪੁਰ ਦੇ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਨਿੱਜੀ ਤੌਰ 'ਤੇ ਨੌਗਰਾਈਂ ਪਿੰਡ ਦੇ ਮ੍ਰਿਤਕ ਸੁਰਮੂ ਮੁਹੰਮਦ ਦੇ ਪਰਿਵਾਰ ਨੂੰ 4 ਲੱਖ ਰੁਪਏ ਦਾ ਮੁਆਵਜ਼ਾ



ਚੈੱਕ ਸੌਂਪਿਆ। ਇਸ ਮੌਕੇ ਡਾ. ਰਾਜ ਨੇ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਅਤੇ ਸੰਕਟ ਦੀ ਇਸ ਘੜੀ ਵਿੱਚ ਲੋਕਾਂ ਦੇ ਨਾਲ ਖੜ੍ਹੇ ਹੋਣ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਸਰਕਾਰ ਸਥਿਤੀ ਦੀ ਸਰਗਰਮੀ ਨਾਲ ਨਿਗਰਾਨੀ ਕਰ ਰਹੀ ਹੈ ਅਤੇ ਬਾਰਿਸ਼ ਅਤੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੇ ਤੁਰੰਤ ਰਾਹਤ ਅਤੇ ਪੁਨ-ਰਵਾਸ ਨੂੰ ਯਕੀਨੀ ਬਣਾ ਰਹੀ ਹੈ। ਉਨ੍ਹਾਂ ਅੱਗੇ ਕਿਹਾ, "ਪ੍ਰਸ਼ਾਸਨ ਨੂੰ ਹਾਈ ਅਲਰਟ 'ਤੇ ਰਹਿਣ ਅਤੇ ਪੀੜਤਾਂ ਨੂੰ ਹਰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਨਾਗਰਿਕ ਦੀ ਭਲਾਈ ਅਤੇ ਸੁਰੱਖਿਆ ਲਈ ਵਚਨਬੱਧ ਹੈ।" ਡਾ. ਰਾਜ ਨੇ ਆਪਣੇ ਹਲਕੇ ਦੇ ਲੋਕਾਂ ਨੂੰ ਇਹ ਵੀ ਭਰੋਸਾ ਦਿੱਤਾ ਕਿ ਉਹ ਆਪਣੇ ਫੋਨ 'ਤੇ 24ਣ7 ਉਪਲਬਧ ਹਨ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਨਿੱਜੀ ਤੌਰ 'ਤੇ ਦੌਰਾ ਕਰਕੇ ਸਥਿਤੀ ਦਾ ਲਗਾਤਾਰ ਧਿਆਨ ਰੱਖ ਰਹੇ ਹਨ।

# ਬੁੱਧ ਬਾਣ : ਨਦੀਆਂ ਨਾਲਿਆਂ ਦੀ ਸਫ਼ਾਈ ਦੇ ਨਾਮ ਤੇ ਲਾਲ ਫੀਤਾਸ਼ਾਹੀ ਸਿਉਂਕ ਨੇ 204.4 ਕਰੋੜ ਛਕਿਆ!

ਜਿਹੜੇ ਰੁੱਖ ਨੂੰ, ਅਨਾਜ ਨੂੰ ਜਾਂ ਸਮਾਜ ਨੂੰ ਸਿਉਂਕ ਲੱਗ ਜਾਵੇ, ਉਹ ਇੱਕ ਦਿਨ ਖ਼ਤਮ ਹੋ ਜਾਂਦੀ ਹੈ। ਪੰਜਾਬ ਵਿਧਾਨ ਸਭਾ ਵਿੱਚ ਪੰਜਾਬ ਸਰਕਾਰ ਨੇ ਆਖਿਆ ਕਿ ਉਹਨਾਂ ਨੇ ਪੰਜਾਬ ਦੀਆਂ ਨਦੀਆਂ, ਨਾਲਿਆਂ ਤੇ ਦਰਿਆਵਾਂ ਦੀ ਸਫ਼ਾਈ ਕਰ ਦਿੱਤੀ ਹੈ। ਇਸ ਸਫ਼ਾਈ ਉਪਰ 204.4 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਇਹ ਫੰਡ ਕਿਹੜੇ ਕਿਹੜੇ ਮਹਿਕਮੇ ਦੇ ਅਫਸਰਾਂ ਤੇ ਲਾਲ ਫੀਤਾਸ਼ਾਹੀ ਸਿਉਂਕ ਨੇ ਛਕਿਆ ਹੈ? ਪਿਛਲੇ ਦਿਨੀਂ ਮਾਨਸਾ ਤੇ ਸੰਗਰੂਰ ਇਲਾਕੇ ਦੇ ਨਾਲਿਆਂ ਦੀਆਂ ਲਾਈਵ ਵੀਡੀਓ ਸਾਹਮਣੇ ਆਈਆਂ ਜਿਹਨਾਂ ਵਿੱਚ ਇਹ ਨਜ਼ਰ ਆਉਂਦਾ ਹੈ ਹਰੇ ਰੰਗ ਦੀ ਬੂਟੀ ਖੜੀ ਹੈ। ਇਹਨਾਂ ਡਰੇਨਾਂ ਨੂੰ ਸਾਫ਼ ਕਰਨ ਵਾਲੇ ਅਫ਼ਸਰ ਘਰਾਂ ਵਿੱਚ ਬੈਠੇ ਆਖਦੇ ਹਨ ਕਿ ਉਨ੍ਹਾਂ ਨੇ ਸਫ਼ਾਈ ਕਰਵਾ ਦਿੱਤੀ ਹੈ ਤੇ ਜਦੋਂ ਉਸਨੂੰ ਨਾਲ ਲਿਜਾਕੇ ਅਸਲੀਅਤ ਸਾਹਮਣੇ ਦਿਖਾਈ ਤਾਂ ਉਸ



ਅਫ਼ਸਰ ਕੋਲ ਕੋਈ ਜਵਾਬ ਨਹੀਂ ਸੀ। ਇਹ ਤਾਂ ਇੱਕ ਉਦਾਹਰਣ ਹੈ। ਪੰਜਾਬ ਨੂੰ ਉਜਾੜਨ ਲਈ ਹਰ ਵਿਭਾਗ ਵਿੱਚ ਇਹ ਜਿਹੀ ਸਿਉਂਕ ਬੈਠੀ ਹੈ। ਇਹ ਵੀ ਸੱਚ ਹੈ ਕਿ 1994-1995 ਤੋਂ ਬਾਅਦ ਪੰਜਾਬ ਦੀਆਂ ਡਰੇਨਾਂ ਦੀ ਸਫ਼ਾਈ ਨਹੀਂ ਹੋਈ। ਪਰ ਕਾਗਜ਼ਾਂ ਵਿੱਚ ਦਰਿਆਵਾਂ ਦੇ ਬੰਨ੍ਹ ਤੇ ਨਦੀਆਂ ਨਾਲਿਆਂ ਦੀ ਸਫ਼ਾਈ ਹੁੰਦੀ ਹੈ। ਹੁਣ ਜਦੋਂ ਪੰਜਾਬ ਡੁੱਬ ਗਿਆ ਹੈ ਤੇ ਪੰਜਾਬ ਸਰਕਾਰ ਗੋਂਗਲੂਆਂ ਤੋਂ ਮਿੱਟੀ ਝਾੜਨ ਲੱਗ ਪਈ ਹੈ। ਮੁੱਖ ਮੰਤਰੀ ਕਹਿੰਦਾ ਮੈਂ ਆਪਣਾ ਹੈਲੀਕਾਪਟਰ ਪੰਜਾਬ ਦੇ ਹਵਾਲੇ ਕਰ ਦਿੱਤਾ ਹੈ। ਪੰਜਾਬ ਦੇ ਲੋਕਾਂ ਵਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸੇਵਾ ਕਰਨ ਲੱਗੇ ਹੋਏ। ਪੰਜਾਬ ਸਰਕਾਰ ਸਮਾਜਿਕ ਜਥੇਬੰਦੀਆਂ ਦੇ ਟਰੱਕਾਂ ਉਤੇ ਆਪਣੇ ਬੈਨਰ ਲਗਾ ਕੇ ਖ਼ਾਨਾਪੂਰਤੀ ਕਰ ਰਹੇ ਹਨ। ਆਪ ਦੇ ਇੱਕ ਵਿਧਾਇਕ ਨੇ ਸਰਕਾਰ ਦੀ ਪੋਲ ਖੋਲ੍ਹ ਦਿੱਤੀ ਹੈ। ਬਾਕੀ ਦੇ ਵਿਧਾਇਕ ਤੇ ਮੰਤਰੀਆਂ ਦੇ ਮੂੰਹ ਤੇ ਛਿੱਕਲੀ ਬੰਨੀ ਹੋਈ ਹੈ। ਉਹ ਤਾਂ ਡਰਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾਣ ਤੋਂ ਡਰਦੇ ਹਨ। ਕਿਉਂਕਿ ਉਹਨਾਂ ਦੇ ਪੱਲੇ ਵਿੱਚ ਕੁੱਝ ਵੀ ਨਹੀਂ। ਪਰ ਪੰਜਾਬ ਤੇ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਹਰ ਤਰ੍ਹਾਂ ਦੀ ਮੱਦਦ ਕਰਨ ਲਈ ਪੁਜ ਗਏ ਹਨ। ਉਹਨਾਂ ਨੇ ਖੁਦ ਮੋਰਚਾ ਸੰਭਾਲਿਆ ਹੋਇਆ ਹੈ। ਚਿੱਟੀ ਸਿਉਂਕ ਜਿਹੜੀ ਮਾਨਸਿਕ ਰੋਗੀਆਂ ਨੂੰ ਸਵਰਗ ਦੇ ਝੂਟੇ ਦਿਵਾਉਣ ਲਈ ਪ੍ਰਚਾਰ ਕਰਦੇ ਹਨ। ਉਹ ਵੀ ਹੜ੍ਹਾਂ ਤੋਂ ਦੂਰ ਹਨ, ਹੁਣ ਤੱਕ ਕਿਸੇ ਸਾਧ ਲਾਣੇ ਵਲੋਂ ਲੋਕਾਂ ਦੀ ਸੇਵਾ ਕਰਨ ਲਈ ਅੱਗੇ ਨਹੀਂ ਆਇਆ। ਇਹਨਾਂ ਹੜ੍ਹਾਂ ਨੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਹਨ। ਹੁਣ ਪੰਜਾਬ ਦੇ ਲੋਕਾਂ ਨੇ ਖੁਦ ਸੋਚਣਾ ਹੈ ਕਿ ਉਹਨਾਂ ਨੇ ਆਪਣੀ ਜ਼ਿੰਦਗੀ ਕਿਵੇਂ ਬਚਾਉਣੀ ਹੈ।ਸਰਕਾਰਾਂ ਤੋਂ ਨਾ ਝਾਕ ਕਰੋ, ਆਪਣੀ ਰਾਖੀ ਆਪ ਕਰੋ।



**ਬੁੱਧ ਸਿੰਘ ਨੀਲੋਂ**
**9464370823**

# ਚਰਿੱਤਰ ਦੀ ਉਸਾਰੀ ਵਿੱਚ ਬਾਲ-ਸਾਹਿਤ ਦੀ ਭੂਮਿਕਾ ਅਹਿਮ: ਬਲਦੇਵ ਸਿੰਘ ਸੜਕਨਾਮਾ

## ਜਗਜੀਤ ਸਿੰਘ ਲੱਡਾ ਦੇ ਦੋ ਬਾਲ ਗ਼ਜ਼ਲ-ਸੰਗ੍ਰਹਿ ਵੱਡੇ ਇਕੱਠ ਵਿੱਚ ਹੋਏ ਲੋਕ ਅਰਪਣ







**ਸੰਗਰੂਰ, (ਰਮੇਸ਼ਵਰ ਸਿੰਘ )** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਸਿਰਮੌਰ ਪੰਜਾਬੀ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨਾਲ ਰੂ-ਬ-ਰੂ ਸਮਾਗਮ ਰਚਾਇਆ ਗਿਆ, ਜਿਸ ਦੀ ਪ੍ਰਧਾਨਗੀ ਉੱਘੇ ਲੇਖਕ ਅਤੇ ਆਲੋਚਕ ਡਾ. ਸੁਰਜੀਤ ਬਰਾੜ ਨੇ ਕੀਤੀ ਅਤੇ ਡਾ. ਸੰਪੂਰਨ ਸਿੰਘ ਟੱਲੇਵਾਲੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਾਹਿਤਕਾਰਾਂ ਨਾਲ ਸਾਹਿਤਕ ਮਿਲਣੀ ਦੌਰਾਨ ਪਹਿਲੀ ਵਾਰ ਨਾਗਮਣੀ ਵਿੱਚ ਛਪਣ ਤੋਂ ਲੈ ਕੇ ਹੁਣ ਤੱਕ ਦੀਆਂ ਚੁਣੌਤੀਆਂ ਅਤੇ ਪ੍ਰਾਪਤੀਆਂ ਸਬੰਧੀ ਗੱਲਬਾਤ ਕਰਦਿਆਂ ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਪ੍ਰਸਥਿਤੀਆਂ ਹੀ ਵਿਅਕਤੀ ਨੂੰ ਲੇਖਕ ਬਣਾ ਦੇਣ ਦੇ ਸਮਰੱਥ ਹੁੰਦੀਆਂ ਹਨ। ਬਾਲ ਸਾਹਿਤ ਵਿੱਚ ਪਹਿਲੀ ਵਾਰ ਗ਼ਜ਼ਲ ਵਿਧਾ ਲਿਆਉਣ ਵਾਲੇ ਬਾਲ-ਗ਼ਜ਼ਲਕਾਰ ਜਗਜੀਤ ਸਿੰਘ ਲੱਡਾ ਦੇ ਦੋ ਬਾਲ ਗ਼ਜ਼ਲ-ਸੰਗ੍ਰਹਿ 'ਸੁਰੀਲੇ ਸਾਜ਼' ਅਤੇ 'ਪੰਜਾਬੀ ਕਲਮਾਂ' ਲੋਕ ਅਰਪਣ ਕਰਨ ਤੋਂ ਬਾਅਦ ਸਮਕਾਲੀ ਬਾਲ-ਸਾਹਿਤ ਦੀ ਦਸ਼ਾ ਅਤੇ ਦਿਸ਼ਾ ਬਾਰੇ ਚਰਚਾ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਚਰਿੱਤਰ ਦੀ ਉਸਾਰੀ ਵਿੱਚ ਬਾਲ-ਸਾਹਿਤ ਦੀ ਭੂਮਿਕਾ ਅਹਿਮ ਹੁੰਦੀ ਹੈ। ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਬਲਦੇਵ ਸਿੰਘ ਸੜਕਨਾਮਾ ਦਾ ਅਣਗੌਲੇ ਇਤਿਹਾਸਕ ਨਾਇਕਾਂ ਨੂੰ ਉਭਾਰਨਾ ਹਮੇਸ਼ਾ ਯਾਦ ਰੱਖਿਆ ਜਾਵੇਗਾ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਸੁਰਜੀਤ ਬਰਾੜ ਨੇ ਕਿਹਾ ਕਿ ਬਲਦੇਵ ਸਿੰਘ ਸੜਕਨਾਮਾ ਕੇਵਲ ਪੰਜਾਬ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲਕਾਰ ਹੈ। ਜਗਜੀਤ ਸਿੰਘ ਲੱਡਾ ਨੇ ਆਪਣੇ ਜੀਵਨ ਅਤੇ ਲਿਖਣ ਪ੍ਰਕਿਰਿਆ ਸਬੰਧੀ ਚਰਚਾ ਕਰਦਿਆਂ ਕਿਹਾ ਬੱਚਿਆਂ ਨੂੰ ਵਿਗਿਆਨਕ ਸੂਝ-ਬੂਝ ਦੇਣਾ ਹੀ ਉਨ੍ਹਾਂ ਦੀ ਲੇਖਣੀ ਦਾ ਮੁੱਖ ਮੰਤਵ ਹੈ। ਇਸ ਮੌਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਵਿੱਚ ਵਡਮੁੱਲਾ ਯੋਗਦਾਨ ਪਾਉਣ ਲਈ ਸਭਾ ਵੱਲੋਂ ਬਲਦੇਵ ਸਿੰਘ ਸੜਕਨਾਮਾ ਅਤੇ ਜਗਜੀਤ ਸਿੰਘ ਲੱਡਾ ਨੂੰ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਦੇ ਆਰੰਭ ਵਿੱਚ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਹਾਸਰਸ ਕਲਾਕਾਰ ਜਸਵਿੰਦਰ ਭੱਲਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਵਸ ਅਤੇ ਜਨਮ ਅਸ਼ਟਮੀ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਸਵੇਰ ਤੋਂ ਲਗਾਤਾਰ ਪੈ ਰਹੇ ਭਾਰੀ ਮੀਂਹ ਦੇ ਬਾਵਜੂਦ ਜਗਜੀਤ ਸਿੰਘ ਲੱਡਾ, ਹਮੀਰ ਸਿੰਘ, ਰਣਜੀਤ ਕੌਰ, ਦੀਪਿੰਦਰ ਕੌਰ, ਗੋਬਿੰਦ ਸਿੰਘ, ਬਲਦੇਵ ਸਿੰਘ, ਚਰਨਜੀਤ ਸਿੰਘ ਸਮਾਲਸਰ, ਜਸਵੰਤ ਗਿੱਲ ਸਮਾਲਸਰ, ਰਜਿੰਦਰ ਸਿੰਘ ਰਾਜਨ, ਅਵਤਾਰ ਸਿੰਘ ਮਾਨ, ਕਰਮ ਸਿੰਘ ਜ਼ਖ਼ਮੀ, ਹਾਕਮ ਸਿੰਘ ਰੂੜੇਕੇ, ਪੰਥਕ ਕਵੀ ਲਾਭ ਸਿੰਘ ਝੱਮਟ, ਸੁਰਜੀਤ ਸਿੰਘ ਮੌਜੀ, ਗੁਰਜੰਟ ਸਿੰਘ ਫ਼ੌਜੀ, ਜੰਗੀਰ ਖੋਖਰ ਮੋਗਾ, ਦਰਸ਼ਨ ਸਿੰਘ ਗੁਰੂ, ਡਾ. ਸੰਪੂਰਨ ਸਿੰਘ ਟੱਲੇਵਾਲੀਆ, ਡਾ. ਸੁਰਜੀਤ ਬਰਾੜ, ਕੁਲਵਿੰਦਰ ਸਿੰਘ ਜੱਖਲਾਂ, ਚਰਨਜੀਤ ਸਿੰਘ ਮੀਮਸਾ, ਇੰਦਰਪ੍ਰੀਤ ਕੌਰ, ਗੁਰੀ ਚੰਦੜ, ਨੂਰਪ੍ਰੀਤ ਕੌਰ, ਰਾਜ ਰਾਣੀ, ਸੁਖਨਦੀਪ ਕੌਰ, ਖੁਸ਼ਪ੍ਰੀਤ ਕੌਰ, ਗੁਰਸਿਮਰ ਕੌਰ, ਰੇਣੂ ਬਾਲਾ, ਵਿਧੀ ਸ਼ਰਮਾ, ਪਵਨ ਕੁਮਾਰ ਹੋਸ਼ੀ, ਸਰਬਜੀਤ ਸੰਗਰੂਰਵੀ, ਬਹਾਦਰ ਸਿੰਘ ਧੌਲਾ, ਰਣਬੀਰ ਸਿੰਘ ਪ੍ਰਿੰਸ, ਏਕਮਦੀਪ ਸਿੰਘ, ਹਰਜੋਤ ਸਿੰਘ, ਰਾਜਦੀਪ ਸਿੰਘ, ਬਕਸ਼ੀ ਰਾਮ, ਗੁਰਦਿਆਲ ਸਿੰਘ, ਬਲਬੀਰ ਸਿੰਘ, ਹਰਪ੍ਰੀਤ ਸਿੰਘ, ਬਲਵੰਤ ਸਿੰਘ, ਉਜਾਗਰ ਸਿੰਘ, ਮਨਜੀਤ ਸਿੰਘ ਅਤੇ ਭੁਪਿੰਦਰ ਸਿੰਘ ਆਦਿ ਵੱਡੀ ਗਿਣਤੀ ਵਿੱਚ ਕਵੀਆਂ ਨੇ ਹਿੱਸਾ ਲਿਆ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।



# ਸ਼ਰਧਾਲੂ ਨੂੰ ਸ੍ਰੀ ਸਾਲਾਸਰ ਬਾਲਾਜੀ ਅਤੇ ਖਾਟੂ ਸ਼ਿਆਮ ਧਾਮ ਦੀ ਫ੍ਰੀ ਯਾਤਰਾ ਕਰਵਾਈ ਗਈ

**ਰਾਏਕੋਟ ( ਗੁਰਭਿੰਦਰ ਗੁਰੀ, )** ਉੱਘੇ ਕੱਪੜਾ ਵਪਾਰੀ ਤੇ ਸਮਾਜਸੇਵੀ ਅਨਿਲ ਜੈਨ (ਭੋਲਾ) ਅਤੇ ਸਿਕੰਦਰ ਜੈਨ ਵੱਲੋ ਹਰੇਕ ਸਾਲ ਦੀ ਤਰ੍ਹਾ ਇਸ ਸਾਲ ਵੀ ਸ਼ਰਧਾਲੂ ਨੂੰ ਸ਼੍ਰੀ ਸਾਲਾਸਰ ਬਾਲਾਜੀ ਅਤੇ ਖਾਟੂ ਸ਼ਿਆਮ ਧਾਮ ਦੀ ਫ੍ਰੀ ਯਾਤਰਾ ਕਰਵਾਈ ਗਈ। ਸਮਾਜ ਸੇਵੀ ਅਨਿਲ ਜੈਨ ਭੋਲਾ ਨੇ ਦੱਸਿਆ ਕਿ ਯਾਤਰਾ ਨੂੰ ਲੈ ਕੇ ਸ਼ਰਧਾਲੂਆਂ 'ਚ ਕਾਫੀ ਉਤਸ਼ਾਹ ਪਾਇਆ ਗਿਆ । ਉਨ੍ਹਾ ਵੱਲੋ ਹਰੇਕ ਸਾਲ ਸੰਗਤਾਂ ਨੂੰ ਸ਼੍ਰੀਬਾਲਾਜੀ ਧਾਮ ਦੇ ਦਰਸ਼ਨ ਕਰਵਾਏ ਜਾਂਦੇ ਹਨ। ਬੱਸ ਨੂੰ ਰਾਏਕੋਟ ਤੋ ਸ਼੍ਰੀ ਸਾਲਾਸਰ ਧਾਮ ਲਈ ਸ਼੍ਰੀ ਬਾਲਾਜੀ ਅਤੇ ਖਾਟੂ ਸ਼ਿਆਮ ਜੀ ਦੇ ਜੈਕਾਰਿਆਂ ਦੀ



ਗੂੰਜ 'ਚ ਰਵਾਨਾ ਕੀਤਾ ਗਿਆ। ਯਾਤਰਾ ਦੌਰਾਨ ਪ੍ਰਸਿੱਧ ਭਜਨ ਗਾਇਕ ਅਭੀ ਗੋਇਲ ਵੱਲੋ ਸ਼੍ਰੀ ਬਾਲਾਜੀ ਅਤੇ ਖਾਟੂ ਸ਼ਿਆਮ ਜੀ ਦੀ ਮਹਿਮਾ ਦਾ ਗੁਣਗਾਣ ਕਰਕੇ ਸ਼ਰਧਾਲੂਆਂ ਨੂੰ ਨੱਚਣ ਲਈ ਮਜ਼ਬੂਰ ਕਰ ਦਿੱਤਾ ਗਿਆ। ਇਸ ਮੌਕੇ ਸਾਹਿਲ ਜੈਨ, ਅਨੁਜ ਜੈਨ, ਸ਼ੁਭਮ ਜੈਨ, ਆਰਿਫ ਜੈਨ, ਰਿਸ਼ੀ ਜੈਨ, ਅਮਿਤ ਜੈਨ ਲੁਧਿਆਣਾ,ਸੰਦੀਪ ਜੈਨ, ਅਸ਼ੋਕ ਜੈਨ ਬੱਸੀਆਂ,ਭੁਪਿੰਦਰ ਜੈਨ, ਕਿੱਕਾ ਜੈਨ ਸਮੇਤ ਹੋਰ ਭਗਤਜਨ ਹਾਜ਼ਰ ਸਨ।। "ਖ਼ੂਨ ਦਾਨ ਸਭ ਤੋਂ ਵੱਡਾ ਦਾਨ" ਦੀ ਸੇਵਾ ਕਰਕੇ ਪੁੰਨ ਕਮਾ ਰਹੇ ਹਨ। ਸੋ ਅਖ਼ੀਰ ਵਿੱਚ ਮੈਂ ਇਹੀ ਕਹਿਣਾ ਚਾਹਾਂਗੀ ਕਿ ਸ਼੍ਰੀ ਮਹਿੰਦਰ ਸੂਦ ਵਿਰਕ ਜੀ ਆਪਣੀਆਂ ਲਿਖ਼ਤਾਂ ਰਾਹੀਂ ਸਾਰੇ ਸਮਾਜ ਦਾ ਚਾਨਣ-ਮੁਨਾਰਾ ਬਣਦੇ ਰਹਿਣ। ਸ਼ੁੱਭ-ਇੱਛਾਵਾਂ ਸਮੇਤ- ਜਸਵੀਰ ਕੌਰ ਜੱਸੀ ਮਾਨਗੜ੍ਹ (ਪੰਜਾਬੀ ਮਿਸਟ੍ਰੈਸ, ਸ. ਸ. ਸ. ਸਕੂਲ, ਲੱਖੋ-ਗੱਦੋਵਾਲ, ਲੁਧਿਆਣਾ )

# ਪੰਜਾਬ ਯੂਨੀਵਰਸਿਟੀ ਦੀ ਦਰਜਾਬੰਦੀ ਸੁਧਾਰਨਾ ਪਹਿਲ: ਸਵਾਸਤਿਕ ਗੌਤਮ

### ਮੈਨੂੰ ਸਿਰਫ਼ ਇੱਕ ਮੌਕਾ ਦਿਓ, ਮੈਂ ਤੁਹਾਨੂੰ ਭਵਿੱਖ ਦੀ ਅਗਵਾਈ ਦੀ ਇੱਕ ਝਲਕ ਦਿਖਾਵਾਂਗਾ।

**ਚੰਡੀਗੜ੍ਹ (ਗੁਰਭਿੰਦਰ ਗੁਰੀ)** ਸੈਰ ਸਪਾਟਾ ਵਿਭਾਗ ਵਿੱਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਏਬੀਵੀਪੀ ਦੇ ਡੀ. ਆਰ. ਉਮੀਦਵਾਰ ਸਵਾਸਤਿਕ ਗੌਤਮ ਨੇ ਚੋਣ ਮੁਹਿੰਮ ਦੌਰਾਨ ਇੱਕ ਵੱਡਾ ਬਿਆਨ ਦਿੱਤਾ ਹੈ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਦਰਜਾਬੰਦੀ ਹਰ ਸਾਲ ਹੇਠਾਂ ਜਾ ਰਹੀ ਹੈ, ਜਿਸ ਵਿੱਚ ਸੁਧਾਰ ਕਰਨਾ ਉਨ੍ਹਾਂ ਦੀ ਤਰਜੀਹ ਹੋਵੇਗੀ। ਉਨ੍ਹਾਂ ਨੇ ਏਬੀਵੀਪੀ ਦੇ ਬੈਨਰ ਹੇਠ ਦਾਅਵਾ ਕੀਤਾ ਹੈ ਕਿ ਜਿੱਤਣ ਤੋਂ ਬਾਅਦ ਯੂਨੀਵਰਸਿਟੀ ਦੀ ਰੈਂਕਿੰਗ ਕੌਂਸਲ ਵੱਲੋਂ ਲਈ ਜਾਵੇਗੀ। ਗੌਤਮ ਨੇ ਐਲਾਨ ਕੀਤਾ ਕਿ



ਵਿਦਿਆਰਥੀਆਂ ਦੀ ਫੀਸ ਵੀ ਇੱਕ ਮਹੱਤਵਪੂਰਨ ਮੁੱਦਾ ਹੈ ਅਤੇ ਵਿਦਿਆਰਥੀਆਂ ਉੱਤੇ ਵਿੱਤੀ ਬੋਝ ਘਟਾਉਣ ਲਈ ਠੋਸ ਕਦਮ ਵੀ ਚੁੱਕੇ ਜਾਣਗੇ।ਪੰਜਾਬ ਯੂਨੀਵਰਸਿਟੀ (ਪੀਯੂ) ਵਿਦਿਆਰਥੀ ਯੂਨੀਅਨ ਚੋਣਾਂ ਨੂੰ ਹਮੇਸ਼ਾ ਨੌਜਵਾਨਾਂ ਲਈ ਰਾਜਨੀਤੀ ਵਿੱਚ ਪਹਿਲਾ ਕਦਮ ਮੰਨਿਆ ਜਾਂਦਾ ਰਿਹਾ ਹੈ। ਸਾਬਕਾ ਵਿਦੇਸ਼ ਮੰਤਰੀ ਐੱਸ ਸਵਰਾਜ ਵਰਗੇ ਕਈ ਵੱਡੇ ਨੇਤਾਵਾਂ ਨੇ ਇਸ ਚੋਣ ਤੋਂ ਆਪਣੇ ਰਾਜਨੀਤਿਕ ਕਰੀਅਰ ਦੀ ਸ਼ੁਰੂਆਤ ਕੀਤੀ ਹੈ, ਇਸ ਲਈ ਇਸ ਵਾਰ ਵੀ ਚੋਣਾਂ ਵਿੱਚ ਭਵਿੱਖ ਦੇ ਨੇਤਾਵਾਂ ਦੀ ਝਲਕ ਦੇਖਣ ਨੂੰ ਮਿਲੇਗੀ। ਗੌਤਮ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਉਸ ਨੂੰ ਜਿੱਤ ਕੇ ਸਿਰਫ ਇੱਕ ਮੌਕਾ ਦੇਣ।

# ਨੂੰਹਾਂ ਤੇ ਧੀਆਂ



"ਨੀ ਹੁਣ ਤੂੰ ਮੇਰੀ ਗੱਲ ਹੀ ਨਹੀ ਸੁਣਦੀ। ਮੈ ਤੈਨੂੰ ਜਨਮ ਦਿੱਤਾ ਹੈ। ਨੌਂ ਮਹੀਨੇ ਤੈਨੂੰ ਆਪਣੇ ਪੇਟ ਚ ਰੱਖਿਆ। ਕਿਉਕਿ ਮੈਨੂੰ ਇੱਕ ਧੀ ਦੀ ਰੀਝ ਸੀ ਤੇ ਧੀ ਦੀ ਮਾਂ ਬਨਣ ਖਾਤਰ ਹੀ ਮੈ ਚਾਰ ਮੁੰਡਿਆਂ ਦੇ ਬਾਦ ਵੀ ਤੈਨੂੰ ਜਨਮ ਦਿੱਤਾ। ਖੁਸ਼ੀਆਂ ਮਨਾਈਆਂ। ਸਿਰਫ ਇਸ ਲਈ ਕਿ ਤੂੰ ਮੇਰੀ ਬੁਢਾਪੇ ਚ ਗੱਲ ਸੁਣੇਗੀ। ਮੇਰਾ ਦੁੱਖ ਵੰਡਾਵੇਗੀ। ਮੈ ਤੈਨੂੰ ਪੜ੍ਹਾਇਆ ਲਿਖਾਇਆ, ਕੋਰਸ ਕਰਵਾਇਆ ਤੇ ਫਿਰ ਤੂੰ ਨੋਕਰੀ ਲੱਗ ਗਈ। ਕਿੰਨੇ ਮੁੰਡੇ ਵੇਖੇ ਤੇਰੇ ਲਈ। ਪਰ ਮੈਨੂੰ ਇਹ ਸੀ ਕਿ ਮੁੰਡਾ ਸੋਹਣਾ ਸੁਨੱਖਾ ਹੋਵੇ ਤੇ ਕਿਤੇ ਲਿਵੇ ਹੀ ਰਹਿੰਦਾ ਹੋਵੇ। ਰੱਬ ਨੇ ਮੇਰੀ ਸੁਣ ਲਈ ਤੈਨੂੰ ਨਾਲ ਦੀ ਮੰਡੀ ਵਿੱਚ ਹੀ ਵਿਆਹ ਤੀਂ। ਤਾਂਕਿ ਮਿਲਣ ਗਿਲ੍ਹਣ ਚ ਕੋਈ ਦਿੱਕਤ ਨਾ ਆਵੇ। ਤੂੰ ਹਰ ਦਸੀ ਪੰਦਰੀ ਦਿਨੀ ਗੇੜਾ ਮਾਰਦੀ ਰਹੇ। ਜੇ ਤੈਥੋਂ ਨਾ ਆ ਹੋਵੇ ਤਾਂ ਮੈ ਪਾਹੁੰਚ ਜਾਵਾਂ, ਤੇਰੇ ਕੋਲ ਇਕੱਲੀ ਹੀ। ਮੈਨੂੰ ਉਡੀਕਣਾ ਨਾ ਪਵੇ ਕਿਸੇ ਨੂੰ। ਉਂਜ ਦੂਰ ਦੀਆਂ ਕਾਹਦੀਆਂ ਰਿਸਤੇਦਾਰੀਆਂ ਹੁੰਦੀਆਂ ਹਨ ਜਦੋਂ ਬੰਦਾ ਦੁੱਖ ਸੁੱਖ ਤੇ ਸਮੇ ਸਿਰ ਪਹੁੰਚ ਨਹੀ ਸਕਦਾ। ਪਰ ਤੂੰ ਤਾਂ ਜਵਾਂ ਹੀ ਬਦਲ ਗਈ। ਉਸਦੇ ਮਗਰ ਹੀ ਲੱਗ ਗਈ। ਭੁੱਲ ਗਈ ਮਾਂ ਨੂੰ । ਬਸ ਤੈਨੂੰ ਮੇਰਾ ਨਹੀ ਉਸੇ ਦਾ ਫਿਕਰ ਹੈ। ਓਸੇ ਦੀ ਬੋਲੀ ਬੋਲਦੀ ਹੈ ਤੂੰ। ਵਾਹ ਧੀਏ ਵਾਹ।" ਮੇਰੀ ਮਾਂ ਦੇ ਉਲਾਂਭੇ ਜਾਰੀ ਸਨ। ਜਦੋਂ ਦੇ ਪਿਤਾ ਜੀ ਗਏ ਹਨ ਮਾਂ ਦੀਆਂ ਸਿਕਵੇ ਸ਼ਿਕਾਇਤਾਂ ਵੱਧ ਗਈਆਂ ਹਨ। ਮਾਂ ਦੀ ਘਰੇ ਉਹ ਪੁੱਛ ਪ੍ਰਤੀਤ ਨਹੀ ਸੀ ਰਹੀ ਜੋ ਪਿਤਾ ਜੀ ਦੇ ਹੁੰਦਿਆਂ ਸੀ। ਉਸਦਾ ਰਾਜ ਭਾਗ ਚਲਾ ਗਿਆ ਸੀ। ਮੈਨੂੰ ਲੱਗਦਾ ਜਿਵੇਂ ਮਾਂ ਦੀ ਚੋਧਰ ਹੀ ਖੁੱਸ ਗਈ ਸੀ ਤੇ ਪਿਤਾ ਜੀ ਦੇ ਜਾਣ ਤੋ ਬਾਅਦ ਉਹ ਮੁਥਾਜ ਜਿਹੀ ਹੋ ਗਈ ਸੀ। ਉਸਦਾ ਹੋਰ ਕਿਸੇ ਤੇ ਵੱਸ ਨਹੀ ਸੀ ਚਲਦਾ ਬਸ ਸਾਰਾ ਜ਼ੋਰ ਹੁਣ ਮੇਰੇ ਤੇ ਹੀ ਸੀ।

ਮੈਨੂੰ ਯਾਦ ਹੈ ਉਹ ਦਿਨ ਜਦੋਂ ਮੈਨੂੰ ਵਿਆਹੀ ਨੂੰ ਅਜੇ ਜੁੰਮਾਂ ਜੁੰਮਾਂ ਅੱਠ ਦਿਨ ਹੀ ਹੋਏ ਹੋਣਗੇ। ਮੈ ਇਹ੍ਹਨਾਂ ਨੇ ਨਾਲ ਘਰ ਫੇਰਾ ਪਾਉਣ ਆਈ ਸੀ। ਵੇਹੜੇ ਦੀਆਂ ਜਨਾਨੀਆਂ ਦੇ ਜਾਣ ਤੋ ਬਾਦ ਜਦੋ ਮਾਂ ਨੂੰ ਥੋੜੀ ਜਿਹੀ ਫੁਰਸਤ ਮਿਲੀ ਤਾਂ ਉਸਨੇ ਮੈਨੂੰ ਆਪਣੇ ਕੋਲ ਬਿਠਾ ਲਿਆ। "ਬੇਟਾ ਵੇਖ ਤੂੰ ਪੜ੍ਹੀ ਲਿਖੀ ਹੈ । ਨੋਕਰੀ ਕਰਦੀ ਹੈ। ਪਰ ਕਦੇ ਮਨ ਚ ਗਰੂਰ ਨਾ ਲਿਆਈਂ। ਸਹੁਰੇ ਸਹੁਰੇ ਹੀ ਹੁੰਦੇ ਹਨ। ਪੇਕਿਆਂ ਦੀ ਰੀਸ ਨਹੀ ਕਰ ਸਕਦੇ। ਮਾਂ ਪਿਓ ਤੇ ਸੱਸ ਸਹੁਰੇ ਚ ਫਰਕ ਹੁੰਦਾ ਹੈ। ਮਾਂ ਪਿਓ ਦੀ ਲਾਜ ਰੱਖੀ। ਕਿਸੇ ਅੱਗੇ ਜੁਬਾਨ ਨਾ ਚਲਾਈ। ਵਰ ਸੰਜੋਗ ਧੁਰ ਦਰਗਾਹੋਂ ਲਿਖੇ ਹੁੰਦੇ ਹਨ। ਤੈਨੂੰ ਰੱਬ ਨੇ ਬਹੁਤ ਸੋਹਣਾ ਘਰ ਤੇ ਵਰ ਦਿੱਤਾ ਹੈ। ਮੁੰਡਾ ਸੋਹਣਾ ਸੁਨੱਖਾ ਤੇ ਕਮਾਊ ਹੈ । ਕਿਸੇ ਚੀਜ ਦਾ ਵੈਲ ਨਹੀ। ਨਾਲੇ ਉਹ ਤਾਂ ਕਿਸੇ ਬਾਬੇ ਨੂੰ ਮੰਨਦੇ ਹਨ। ਸ਼ਰਾਬ ਮਾਸ ਦਾ ਵੀ ਪੂਰਾ ਪ੍ਰਹੇਜ ਹੈ ਓਹਨਾ ਘਰੇ। ਤੇ ਤੂੰ ਹੈ ਵੀ ਨੇੜੇ ਹੀ ਆਹ ਵੀਹ ਬਾਈ ਮੀਲ । ਰੱਬ ਨੇ ਮੇਰੀਆਂ ਸਾਰੀਆਂ ਰੀਝਾਂ ਪੁਗਾ ਦਿੱਤੀਆਂ। ਕਹਿੰਦੇ ਔਰਤ ਦੀ ਜਿਸ ਘਰ ਡੋਲੀ ਜਾਵੇ ਉਸੇ ਘਰੋਂ ਹੀ ਅਰਥੀ ਉਠਣੀ ਚਾਹੀਦੀ ਹੈ। ਮਤਲਬ ਬਿਨਾਂ ਕਿਸੇ ਹੰਕਾਰ ਦੇ ਤੇ ਨਿਮਰਤਾ ਨਾਲ ਰਹੀ ਤੇ ਤੂੰ ਰਾਜ ਕਰੇਗੀ। ਤੇਰੀ ਮਾੜੀ ਜਿਹੀ ਵੀ ਗਲਤੀ ਉਸ ਘਰ ਨੂੰ ਨਰਕ ਬਣਾ ਸਕਦੀ ਹੈ। ਅਤੇ ਇਸ ਘਰ ਨੂੰ ਵੀ।" ਮਾਂ ਨੇ ਅੱਖਾਂ ਜਿਹੀਆਂ ਭਰਕੇ ਦਿਲੋ ਆਸੀਰਵਾਦ ਦਿੱਤਾ ਤੇ ਉਠਕੇ ਚਲੀ ਗਈ। ਮਾਂ ਦੀ ਇੱਕ ਇੱਕ ਗੱਲ ਸਹੀ ਸੀ ਚਾਹੇ ਮੈ ਬੋਲੀ ਕੁਝ ਨਾ ਪਰ ਮੇਰੀ ਚੁੱਪ ਹੀ ਮੇਰੀ ਸਹਿਮਤੀ ਸੀ।ਮੈਨੂੰ ਪਤਾ ਸੀ ਮਾਂ ਪਿਉ ਲਈ ਧੀਆਂ ਦੇ ਕਾਰਜ ਸਮੇਟਣੇ ਕਿੰਨੇ ਔਖੇ ਹੁੰਦੇ ਹਨ। ਜੇ ਇਹ ਕਾਰਜ ਰਾਸ ਨਾ ਆਉਣ ਜਾ ਕਿਸੇ ਦੀ ਵੀ ਗਲਤੀ ਕਰਕੇ ਮਾਮਲਾ ਉਲਝ ਜਾਵੇ ਤਾਂ ਮਾਂ ਪਿਉ ਦਾ ਬੁਢਾਪਾ ਖਰਾਬ ਹੋ ਜਾਂਦਾ ਹੈ। ਮੈ ਜਾਣਦੀ ਸੀ ਮੇਰੇ ਪਿਉ ਨੇ ਇਕੱਲੇ ਨੇ ਕਿਵੇਂ ਘਰ ਦਾ ਤੋਰਾ ਤੋਰਿਆ ਹੈ। ਕਿਵੇਂ ਸਾਨੂੰ ਪੰਜਾਂ ਨੂੰ ਪੜ੍ਹਾਇਆ ਤੇ ਨੌਕਰੀ ਲਵਾਇਆ। ਕਿੰਨੀਆਂ ਮੁਸ਼ਕਿਲਾਂ ਨਾਲ ਸਾਡੇ ਕਾਰਜ ਕੀਤੇ। ਮੇਰੇ ਕਾਰਜ ਨੇ ਤਾਂ ਉਹਨਾ ਦਾ ਲੱਕ ਹੀ ਤੋੜ ਦਿੱਤਾ।ਕੁੜਮਾਂ ਤੇ ਵਿਚੋਲੇ ਨਾਲ ਤਾਲਮੇਲ ਬਿਠਾਉਣਾ ਕੋਈ ਸੋਖਾ ਕੰਮ ਨਹੀ ਸੀ। ਸਮਾਜ ਵਿੱਚ ਨੱਕ ਰੱਖਣ ਲਈ ਬਹੁਤ ਕੁਝ ਕਰਨਾ ਪੈਂਦਾ ਹੈ। ਉਹ ਵੀ ਆਪਣੀ ਹੈਸੀਅਤ ਤੋਂ ਵੱਧ। ਆਪਣੀ ਤੇ ਮੇਰੀ ਰੀਝ ਪੂਰੀ ਕਰਨ ਲਈ ਪਤਾ ਨਹੀ ਉਹਨਾਂ ਨੇ ਕੀ ਕੀ ਨਹੀ ਕੀਤਾ। ਮੇਰੇ ਵਿਆਹ ਤੋ ਪਹਿਲਾਂ ਮੇਰੇ ਪਿਤਾ ਜੀ ਦੇ ਮਨ ਤੇ ਇਹੀ ਬਹੁਤ ਜਿਆਦਾ ਬੋਝ ਸੀ। ਉਹਨਾ ਦੀ ਸਿਆਣਪ ਤੇ ਨਵੇਂ ਪੁਰਾਣੇ ਰਿਸ਼ਤੇਦਾਰਾਂ ਦੀ ਹੱਲਾਸ਼ੇਰੀ ਨਾਲ ਇਹ ਕਾਰਜ ਸਿਰੇ ਲੱਗ ਗਿਆ। ਉਹ ਅੰਦਰੋਂ ਮੇਰੇ ਭਵਿੱਖ ਨੂੰ ਲੈਕੇ ਚਿੰਤਾ ਵੀ ਕਰਦੇ ਪਰ ਕਿਸੇ ਨੂੰ ਜਾਹਿਰ ਨਾ ਹੋਣ ਦਿੰਦੇ। ਉਂਜ ਉਹ ਵਿਆਹ ਤੋਂ ਬਾਅਦ ਸੁਰਖਰੂ ਜਿਹੇ ਹੋ ਗਏ ਸਨ। ਹੁਣ ਉਹਨਾਂ ਦੇ ਚੇਹਰੇ ਤੇ ਸਦਾ ਰੌਣਕ ਰਹਿੰਦੀ ਸੀ। ਉਹ ਹਮੇਸ਼ਾ ਖੁਸ਼ ਰਹਿੰਦੇ। ਜੋਰ ਜੋਰ ਦੀ ਹੱਸਦੇ। ਉਹਨਾਂ ਨੂੰ ਹੱਸਦਿਆਂ ਨੂੰ ਵੇਖਕੇ ਮੇਰੀ ਰੂਹ ਵੀ ਖਿੜ ਜਾਂਦੀ।

ਪਰ? ਪਰ ਪਰ ਕੀ? ਜਿੰਦਗੀ ਦਾ ਇਹ ਮੋੜ ਇੰਨਾ ਸੁਖਾਲਾ ਨਹੀ ਸੀ ਮੇਰੇ ਵਾਸਤੇ । ਆਪਣੇ ਆਪ ਨੂੰ ਨਵੇ ਘਰ ਵਿੱਚ ਸੈਟ ਕਰਨਾ ਕੋਈ ਬਹੁਤਾ ਸੋਖਾ ਕੰਮ ਨਹੀ ਸੀ। ਇੱਧਰ ਨਵੇਂ ਘਰ ਦਾ ਮਾਹੋਲ ਵੀ ਬਹੁਤ ਬਦਲਵਾਂ ਸੀ। ਕਈ ਵਾਰੀ ਬੇਵਜਾਂ ਦੀ ਨੁਕਤਾਚੀਨੀ ਮੇਰਾ ਗੁੱਸਾ ਵਧਾ ਦਿੰਦੀ ਤੇ ਇਸੇ ਕਰਕੇ ਨਨਾਣ ਤੇ ਸੱਸ ਨਾਲ ਮੇਰੀ ਕਿਸੇ ਨਾ ਕਿਸੇ ਮੁੱਦੇ ਤੇ ਅੜਫਸ ਹੋਈ ਰਹਿੰਦੀ। ਉਹ ਕਦੇ ਗਲਤ ਵੀ ਬੋਲ ਦਿੰਦੀਆਂ । ਕਦੇ ਕਦੇ ਅੱਗੋ ਮੈ ਵੀ ਚਾਰ ਸੁਣਾ ਦਿੰਦੀ। ਸਾਡਾ ਗੁੱਸਾ ਦੁੱਧ ਦੇ ਉਬਾਲ ਵਾਂਗੂ ਪਲਾਂ ਵਿੱਚ ਠੰਡਾ ਹੋ ਜਾਂਦਾ। ਜੇ ਇੱਕ ਪਾਸੇ ਮੈ ਬਹੁਤ ਦੁੱਖ ਵੇਖਿਆ ਤਾਂ ਦੂਜੇ ਪਾਸੇ ਸੁੱਖ ਵੀ ਬਹੁਤ ਭੋਗਿਆ। ਜੇ ਮੈਨੂੰ ਤੰਗ ਕੀਤਾ ਗਿਆ ਤਾਂ ਮੈਨੂੰ ਲਾਡ ਵੀ ਬਹੁਤ ਲਡਾਏ ਗਏ। ਜਿੱਥੇ ਦੋ ਭਾਂਡੇ ਹੋਣਗੇ ਤਾਂ ਉਹ ਖੜਕਣਗੇ ਹੀ। ਕਈ ਵਾਰੀ ਮੈਨੰ ਬਿਨਾਂ ਗੱਲ ਤੋਂ ਨਿਸ਼ਾਨਾ ਬਣਾਇਆ ਜਾਂਦਾ। ਕਈ ਵਾਰੀ ਸਾਰਿਆਂ ਦੇ ਖਿਲਾਫ ਜਾਕੇ ਵੀ ਮੇਰੀ ਵਾਰ੍ਹ ਲਈ ਜਾਂਦੀ। ਮੈ ਗੁੱਸੇ ਚ ਭਰੀ ਬਿਨਾਂ ਕੁਝ ਖਾਧੇ ਪੀਤੇ ਭੁੱਖਣਭਾਣੀ ਕੰਮ ਤੇ ਲੱਗੀ ਰਹਿੰਦੀ। ਤੇ ਫਿਰ ਬੀਮਾਰ ਹੋ ਜਾਂਦੀ। ਤੇ ਕਈ ਵਾਰੀ ਮੇਰੇ ਅੰਦਰ ਇੰਨਾ ਜੋਸ਼ ਆ ਜਾਂਦਾ ਕਿ ਮੈ ਅੰਨ੍ਹਾ ਕੰਮ ਕਰਦੀ। ਦੱਸ ਆਦਮੀਆਂ ਜਿੰਨਾ ਅਤੇ ਮੈ ਜਵਾਂ ਵੀ ਨਾ ਥੱਕਦੀ। ਮੈ ਬਹੁਤ ਉਤਾੜ ਚੜ੍ਹਾਵ ਦੇਖੇ। ਕੁਲ ਮਿਲਾਕੇ ਜਿੰਦਗੀ ਵਧੀਆ ਰਿੜੀ ਆਉਂਦੀ ਸੀ । ਚਾਹੇ ਮੇਰੇ ਪੇਕੇ ਸੀ ਜਾ ਸਹੁਰੇ ਬਜੁਰਗਾਂ ਦਾ ਅਸ਼ੀਰਵਾਦ ਜੋ ਨਾਲ ਸੀ ਮੇਰੇ ਨਾਲ। ਉਹਨਾ ਦੀ ਛੱਤਰ ਛਾਇਆ ਵਿੱਚ ਅਸੀ ਸੋਹਣੇ ਦਿਨ ਕੱਟ ਰਹੇ ਸੀ। ਉਮਰ ਦੇ ਤਕਾਜੇ ਅਨੁਸਾਰ ਜਾਂ ਇਉ ਕਹਿ ਲਵੋ ਆਪਣੀ ਸੁਆਸਾਂ ਦੀ ਪੂੰਜੀ ਭੋਗਦੇ ਹੋਏ ਪਹਿਲਾ ਮੇਰੇ ਪਿਤਾ ਸਮਾਨ ਸਹੁਰਾ ਸਾਹਿਬ ਰੁਖਸਤ ਕਰ ਗਏ ਤੇ ਕੁਝ ਕੁ ਸਾਲਾਂ ਬਾਦ ਮੇਰੇ ਪਿਤਾ ਜੀ ਵੀ ਸਾਥ ਛੱਡ ਗਏ। ਫਿਰ ਰੱਬ ਦੇ ਭਾਣੇ ਨੇ ਮੇਰੀ ਮਾਤਾ ਸਮਾਨ ਮੇਰੀ ਸੱਸ ਨੂੰ ਸਾਡੋ ਜੁਦਾ ਕਰ ਦਿੱਤਾ। ਇਸ ਤਰਾਂ ਸਾਡੀ ਜਿੰਦਗੀ ਵਿੱਚ ਇੱਕ ਖਲਾ ਜਿਹਾ ਆ ਗਿਆ।

ਮੇਰੇ ਪਿਤਾ ਜੀ ਦੇ ਜਾਣ ਤੋ ਬਾਦ ਮੇਰੀ ਮਾਂ ਆਪਣੇ ਆਪ ਨੂੰ ਇਕੱਲਾ ਜਿਹਾ ਮਹਿਸੂਸ ਕਰਨ ਲੱਗੀ। ਉਸਦੀ ਇੱਕਲਤਾ ਦੂਰ ਕਰਨ ਲਈ ਹੀ ਮੈ ਮੇਰੀ ਮਾਂ ਦੇ ਹਰ ਸੁੱਖ ਦੁੱਖ ਚ ਸਰੀਕ ਹੋਣ ਲੱਗੀ। ਮੇਰੇ ਨਿੱਤ ਦੇ ਵੱਧਦੇ ਪੇਕਿਆਂ ਦੇ ਗੇੜਿਆਂ ਜਾਂ ਉਹਨਾ ਅਨੁਸਾਰ ਮੇਰੀ ਬੇਲੋੜੀ ਦਖਲਅੰਦਾਜੀ ਨੇ ਮੈਨੂੰ ਓਥੇ ਥੋੜਾ ਦੂਰ ਕਰ ਦਿੱਤਾ। ਮੈ ਇੱਕ ਪਾਸੇ ਮਾਂ ਵਰਗੀ ਸੱਸ ਤੋਂ ਸੱਖਣੀ ਤੇ ਦੂਜਾ ਜਨਮਦਾਤੀ ਤੋਂ ਵੀ ਦੂਰ ਕਰ ਦਿੱਤੀ ਗਈ। ਭਰਾਵਾਂ ਤੇ ਭਰਜਾਈਆਂ ਦੀਆਂ ਘੂਰਦੀਆਂ ਅੱਖਾਂ ਮੇਰੀ ਤੇ ਮੇਰੀ ਮਾਂ ਨਾਲ ਮਨ ਹੋਲਾ ਕਰਨ ਵਿੱਚ ਰੁਕਾਵਟ ਬਨਣ ਲੱਗੀਆਂ। ਚਾਹੇ ਉਹ ਮਾਂ ਦਾ ਬਹੁਤ ਖਿਆਲ ਰੱਖਦੇ ਸਨ ਪਰ ਕਦੇ ਕਦੇ ਉਹ ਉਸ ਦੀ ਸੰਘੀ ਵੀ ਘੁਟਦੇ। ਮੇਰੀ ਮਾਂ ਦਿਲ ਦੀ ਭੜਾਸ ਕੱਢਣ ਨੂੰ ਤਰਸਦੀ ਰਹਿੰਦੀ । ਨੂੰਹਾ ਚਾਹੇ ਕਿੰਨੀਆਂ ਵੀ ਚੰਗੀਆਂ ਹੋਣ । ਕਦੇ ਧੀਆਂ ਨਹੀ ਬਣ ਸਕਦੀਆਂ । ਮਨ ਹੋਲਾ ਤਾਂ ਧੀਆਂ ਕੋਲ ਹੀ ਹੁੰਦਾ ਹੈ। ਕਹਿੰਦੇ ਇੱਕ ਪਾਸੇ ਪਈ ਤਾਂ ਰੋਟੀ ਵੀ ਸੜ ਜਾਂਦੀ ਹੈ। ਮਾਂ ਵੀ ਬੈਠੀ ਬੈਠੀ ਅੱਕ ਜਾਂਦੀ। ਮੇਰੇ ਭਰਾ ਮਾਂ ਦਾ ਪਾਸਾ ਥੱਲਣ ਦਾ ਕੋਈ ਹੀਲਾ ਨਾ ਕਰਦੇ। ਉਹ ਇੱਕ ਕੋਲ੍ਹ ਆਪਣੀ ਪੈਨਸ਼ਨ ਦੇ ਬਦਲੇ ਗੁਜ਼ਾਰਾ ਕਰਦੀ। ਪਰ ਮੇਰੀ ਮਾਂ ਸਿਰਫ ਮੇਰੇ ਤੇ ਹੀ ਗੁੱਸਾ ਕਰਦੀ।ਕਿਉਕਿ ਮੈ ਧੀ ਜੋ ਸੀ ਤੇ ਮੈ ਹੀ ਉਸਦੇ ਗੁੱਸੇ ਨੂੰ ਸਮਝਦੀ ਸੀ। ਇਸ ਲਈ ਉਹ ਸਾਰੀਆਂ ਗੱਲਾਂ ਦੀ ਦੋਸ਼ੀ ਮੈਨੂੰ ਹੀ ਗਰਦਾਨਦੀ। ਜਦੋਂ ਮਾਂ ਦੀਆਂ ਸਿਕਾਇਤਾਂ ਸੁਣਕੇ ਮੈ ਭਰਾਵਾਂ ਨੂੰ ਕੁਝ ਕਹਿੰਦੀ ਤਾਂ ਉਸ ਇਸ ਨੂੰ ਮੇਰੀ ਬੇਲੋੜੀ ਦਖਲ ਅੰਦਾਜੀ ਕਹਿੰਦੇ ਤੇ ਮੈਨੂੰ ਚੁੱਪ ਰਹਿਣ ਦਾ ਕਹਿ ਦਿੰਦੇ। ਪਰ ਮੇਰੀ ਮਾਂ ਮੇਰੇ ਭਰਾਵਾਂ ਨੂੰ ਕੁਝ ਨਾ ਕਹਿੰਦੀ। ਖੋਰੇ ਉਹ ਉਹਨਾ ਤੋਂ ਡਰਦੀ ਸੀ ਜਾਂ ਘਰ ਦੀ ਸਾਂਤੀ ਲਈ ਚੁੱਪ ਰਹਿਣਾ ਉਸ ਲਈ ਜਰੂਰੀ ਸੀ॥ ਉਲਟਾ ਕਦੇ ਕਦੇ ਉਹਨਾ ਦੀ ਭੜਕਾਈ ਮੇਰੇ ਤੇ ਵਰ੍ਹ ਜਾਂਦੀ ਹੈ। ਹੋਰ ਤਾਂ ਹੋਰ ਇਹਨਾ ਦਾ ਗੁੱਸਾ ਵੀ ਮੇਰੇ ਤੇ ਹੀ ਕੱਢ ਦਿੰਦੀ । ਪਰ ਮੇਰੇ ਸਮਝਾਉਣ ਤੇ ਤਾਂ ਉਹ ਝੱਟ ਸਮਝ ਜਾਂਦੀ ਤੇ ਚੁੱਪ ਕਰ ਜਾਂਦੀ। ਖੋਰੇ ਇਹੀ ਮਾਂ ਧੀ ਦੇ ਰਿਸ਼ਤੇ ਦਾ ਆਧਾਰ ਸੀ।

"ਪੁੱਤ ਧੀ ਧੀ ਹੀ ਹੁੰਦੀ ਹੈ। ਤੇ ਨੂੰਹ ਨੂੰਹ। ਸੱਸ ਕਦੇ ਮਾਂ ਨਹੀ ਬਣ ਸਕਦੀ ਤੇ ਨੂੰਹ ਕਦੇ ਧੀ ਨਹੀ ਬਣ ਸਕਦੀ। ਇਹ ਰਿਸ਼ਤੇ ਹੀ ਅਜਿਹੇ ਕੁਦਰਤ ਨੇ ਬਨਾਏ ਹਨ। ਤੈਨੂੰ ਮੇਰੀਆਂ ਗੱਲਾਂ ਅੱਜ ਕੋੜੀਆਂ ਲੱਗਦੀਆਂ ਹੋਣਗੀਆਂ ਪਰ ਕੀ ਕਰਾ ਮੈ। ਮੈ ਇੱਕ ਮਾਂ ਹਾਂ ਤੇ ਇੱਕ ਸੱਸ ਵੀ । ਤੂੰ ਬੇਸੱਕ ਇੱਕ ਨੂੰਹ ਵੀ ਹੈ ਤੇ ਧੀ ਵੀ । ਪਰ ਜਦੋ ਤੂੰ ਇੱਕ ਸੱਸ ਬਣੇਗੀ ਤਾਂ ਤੈਨੂੰ ਧੀ ਦੀ ਕਮੀ ਰੜਕੂਗੀ। ਤੈਨੂੰ ਧੀ ਤੇ ਨੂੰਹ ਦਾ ਫਰਕ ਪਤਾ ਚੱਲੂਗਾ। ਹਰ ਰਿਸਤੇ ਦੀ ਆਪਣੀ ਅਹਿਮੀਅਤ ਹੁੰਦੀ ਹੈ ਅਤੇ ਆਪਣਾ ਰੁਤਬਾ। ਕੋਈ ਕਿੰਨਾ ਵੀ ਚੰਗਾ ਬਣ ਜਾਵੇ ਦੂਜੇ ਰਿਸ਼ਤੇ ਦੀ ਜਗ੍ਹਾ ਨਹੀ ਲੈ ਸਕਦਾ। ਲੋਕ ਜਵਾਈ ਨੂੰ ਵੀ ਪੁੱਤ ਕਹਿ ਦਿੰਦੇ ਹਨ । ਅਤੇ ਕਹਿੰਦੇ ਵੀ ਹਨ ਇਹ ਤਾਂ ਧੀ ਦੇਕੇ ਪੁੱਤ ਬਣਾਇਆ ਹੈ। ਪਰ ਜਵਾਈ ਪੁੱਤ ਨਹੀ ਬਣ ਸਕਦਾ। ਹਾਂ ਪੁੱਤਾ ਵਰਗਾ ਹੋ ਸਕਦਾ ਹੈ। ਕਈ ਵਾਰੀ ਜਵਾਈ ਪੁੱਤਾਂ ਤੋਂ ਵੀ ਚੰਗੇ ਨਿਕਲਦੇ ਹਨ। ਬਹੁਤਾ ਆਪਣੇ ਹੱਥ ਵੱਸ ਹੁੰਦਾ ਹੈ ਜਾਂ ਕਿਸਮਤ ਦੇ। ਤੂੰ ਮੇਰੀਆਂ ਗੱਲਾਂ ਦਾ ਗੁੱਸਾ ਨਾ ਕਰਿਆ ਕਰ।" ਮੇਰੀ ਮਾਂ ਦੀਆਂ ਅੱਖਾਂ ਭਰ ਆਈਆਂ। ਮੈਨੂੰ ਵੀ ਲੱਗਿਆ ਅੱਜ ਮੇਰੀ ਮਾਂ ਨਹੀ ਬੋਲਦੀ ਸਗੋਂ ਉਸ ਦਾ ਤਜੁਰਬਾ ਬੋਲਦਾ ਹੈ। ਮੈਥੋ ਹੋਰ ਬੈਠਿਆ ਨਾ ਗਿਆ ਤੇ ਮੈ ਉਠਕੇ ਤੁਰ ਆਈ।



**ਰਮੇਸ ਸੇਠੀ ਬਾਦਲ**
**ਮੋ 98 766 27 233**

# ਨਿਹੁੰ ਨਾ ਲੱਗਦੇ ਜੋਰੀਂ (ਕਹਾਣੀ)

ਰੁਪਿੰਦਰ ਕੌਰ ਨੇ ਸਰਕਾਰੀ ਰਣਧੀਰ ਕਾਲਜ ਕਪੂਰਥਲਾ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕਰ ਲਈ ਸੀ। ਬੇਸ਼ੱਕ ਕਾਲਜ ਵਿੱਚ ਪੜ੍ਹਾਉਂਦੇ ਸਾਰੇ ਅਧਿਆਪਕ ਹੀ ਬਹੁਤ ਵਧੀਆ ਸਨ। ਪਰੰਤੂ ਪੰਜਾਬੀ ਦੇ ਪ੍ਰੋ. ਕੁਲਵੰਤ ਸਿੰਘ ਔਜਲਾ ਉਸ ਦੇ ਹਰਮਨਪਿਆਰੇ ਅਧਿਆਪਕ ਸਨ। ਉਹ ਜਦੋਂ ਵੀ ਕੋਈ ਕਵਿਤਾ, ਕਹਾਣੀ ਜਾਂ ਆਰਟੀਕਲ ਲਿਖਦੀ, ਉਹ ਸਭ ਤੋਂ ਪਹਿਲਾਂ ਪ੍ਰੋ. ਔਜਲਾ ਨੂੰ ਹੀ ਦਿਖਾਉਂਦੀ ਸੀ। ਉਸ ਦੀ ਰਚਨਾ ਪੜ੍ਹ ਕੇ ਉਹ ਹਮੇਸ਼ਾ ਉਸ ਨੂੰ ਉਤਸ਼ਾਹਿਤ ਕਰਦੇ। ਹੋਰ ਬੇਹਤਰ ਲਿਖਣ ਲਈ ਲੋੜੀਂਦੇ ਸੁਝਾਅ ਵੀ ਦਿੰਦੇ। ਪ੍ਰੋ. ਸਾਹਿਬ ਵੱਲੋਂ ਮਿਲਿਆ ਉਤਸ਼ਾਹ ਤੇ ਹੱਲਾਸ਼ੇਰੀ ਸਦਕਾ ਉਹ ਕਾਲਜ ਮੈਗਜ਼ੀਨ ਦੀ ਤਿੰਨ ਸਾਲਾਂ ਲਈ ਮੁੱਖ ਸੰਪਾਦਿਕਾ ਵੀ ਬਣੀ ਰਹੀ ਸੀ।

ਬੇਸ਼ੱਕ ਪਹਿਲਾਂ ਉਹ ਬੀ.ਏ., ਬੀ.ਐਡ. ਕਰਨਾ ਚਾਹੁੰਦੀ ਸੀ। ਤੇ ਕਿਸੇ ਪਿੰਡ ਦੇ ਸਕੂਲ ਵਿੱਚ ਅਧਿਆਪਕਾ ਬਣ ਪੜ੍ਹਾਉਣਾ ਚਾਹੁੰਦੀ ਸੀ। ਪਰੰਤੂ ਸਰ ਦੀ ਪ੍ਰੇਰਨਾ ਨਾਲ਼ ਹੀ ਉਹ ਐੱਮ.ਏ. ਪੰਜਾਬੀ ਕਰਨ ਲਈ ਤਿਆਰ ਹੋ ਗਈ ਸੀ, ਜਦੋਂ ਸਰ ਨੇ ਉਸ ਨੂੰ ਕਿਹਾ ਸੀ- "ਰੁਪਿੰਦਰ, ਪੰਜਾਬੀ ਵਿੱਚ ਤੇਰੀ ਡੂੰਘੀ ਦਿਲਚਸਪੀ ਹੈ। ਤੇਰੀ ਲਿਖਾਈ ਵੀ ਬਹੁਤ ਸੁੰਦਰ ਹੈ। ਮੈਂ ਸਮਝਦਾਂ ਕਿ ਤੂੰ ਘਰੋਂ ਵੀ ਚੰਗੀ ਹੈਂ। ਇਸ ਲਈ ਤੈਨੂੰ ਬੀ.ਐਡ. ਕਰਨ ਦੀ ਥਾਂ ਐੱਮ.ਏ. ਪੰਜਾਬੀ ਕਰਨੀ ਚਾਹੀਦੀ ਹੈ। ਚੰਗੇ ਨੰਬਰ ਲੈ ਕੇ ਤੂੰ ਨੈੱਟ ਪਾਸ ਕਰ ਸਕਦੀ ਹੈਂ। ਇਸ ਤਰ੍ਹਾਂ ਤੇਰੇ ਲਈ ਉਚੇਰੀ ਸਿੱਖਿਆ ਹਾਸਲ ਕਰਨ ਦੇ ਨਵੇਂ ਰਾਹ ਖੁੱਲ੍ਹ ਜਾਣਗੇ। ਬਾਕੀ ਜਿਵੇਂ ਤੇਰਾ ਮਨ ਮੰਨੇਂ।" "ਸਰ ਤੁਹਾਡੀ ਰਾਏ ਬਹੁਤ ਵਧੀਆ ਹੈ। ਮੈਂ ਵੀ ਅੱਗੇ ਪੜ੍ਹਨਾ ਚਾਹੁੰਦੀ ਹਾਂ। ਪਰੰਤੂ ਮੇਰੇ ਮੰਮਾ ਤਾਂ ਮੈਨੂੰ ਬੀ.ਐਡ. ਕਰਾ ਕੇ ਛੇਤੀ-ਛੇਤੀ ਮੇਰਾ ਵਿਆਹ ਕਰਨ ਦੇ ਪਿੱਛੇ ਪਏ ਹੋਏ ਐ। ਮੰਮਾ ਤਾਂ ਬਾਰ੍ਹਵੀਂ ਤੋਂ ਬਾਅਦ ਹੀ ਮੇਰੇ ਲਈ ਕੈਨੇਡਾ ਵਿੱਚ ਪੀ.ਆਰ. ਮੁੰਡਾ ਪਸੰਦ ਕਰੀਂ ਬੈਠੇ ਸਨ। ਹਾਲਾਂਕਿ ਮੈਨੂੰ ਉਦੋਂ ਅਠਾਰ੍ਹਵਾਂ ਵਰ੍ਹਾ ਲੱਗਾ ਸੀ। ਮੁੰਡਾ ਅਠਾਈ ਵਰ੍ਹਿਆਂ ਦਾ ਸੀ। ਇਹ ਤਾਂ ਮੇਰੇ ਪਾਪਾ ਨੇ ਸਖ਼ਤਾਈ ਨਾਲ਼ ਨਾਂਹ ਕਰ ਦਿੱਤੀ ਸੀ।" ਸਰ ਉਦੋਂ ਮੇਰੇ ਪਾਪਾ ਤਾਂ ਮੇਰੇ ਮੰਮੀ ਨੂੰ ਵੀ ਬਹੁਤ ਜ਼ਿਆਦਾ ਗੁੱਸੇ ਹੋਏ ਸੀ- 'ਨਾ ਤੇਰੀ ਮੱਤ ਮਾਰੀ ਗਈ ਐ। ਮੁੰਡੇ ਕੁੜੀ 'ਚ ਦਸ ਸਾਲਾਂ ਦਾ ਕਿਤੇ ਥੋੜ੍ਹਾ ਫ਼ਰਕ ਹੁੰਦੈ। ਸਾਡੀ ਧੀ 'ਚ ਕਿਹੜਾ ਕੋਈ ਘਾਟ ਐ? ਜਿਹੜਾ ਅਸੀਂ ਦਸ ਸਾਲਾ ਵੱਡੇ ਮੁੰਡੇ ਨਾਲ਼ ਕੁੜੀ ਨੂੰ ਵਿਆਹ ਦੇਈਏ। ਦੂਜੀ ਗੱਲ ਇਹ ਕਿ ਆਪਣਾ ਸਾਰਾ ਗੁਰਸਿੱਖ ਪਰਿਵਾਰ ਐ। ਮੁੰਡਾ ਨਿਰਾ ਘੋਨ ਮੋਨ ਐ।' ਘੋਨ ਮੋਨ ਕਹਿ ਉਹ ਖੁੱਲ੍ਹ ਕੇ ਹੱਸ ਪਈ ਸੀ।

"ਚੰਗਾ ਕੀਤਾ ਤੇਰੇ ਡੈਡੀ ਨੇ ਨਾਂਹ ਕਰ ਦਿੱਤੀ ਸੀ। ਗੁਰਸਿੱਖ ਪਰਿਵਾਰ ਵਿੱਚ ਜਨਮੀ ਤੇ ਵੱਡੀ ਹੋਈ ਕੁੜੀ ਲਈ ਗੁਰਸਿੱਖ ਪਰਿਵਾਰ ਵਿੱਚੋਂ ਹੀ ਮੁੰਡਾ ਲੱਭਣਾ ਚਾਹੀਦਾ ਹੈ। ਇੱਕੋ ਵਿਚਾਰਧਾਰਾ ਨਾਲ਼ ਜੁੜੇ ਮੁੰਡੇ ਕੁੜੀ ਦੀ ਜ਼ਿੰਦਗੀ ਭਰ ਸੋਹਣੀ ਨਿੱਭਦੀ ਹੈ। ਨਾਲ਼ ਹੀ ਉਮਰ ਵਿਚਲਾ ਵੱਡਾ ਫ਼ਰਕ ਬਾਅਦ ਵਿੱਚ ਕਈ ਸਰੀਰਕ, ਮਾਨਸਿਕ ਅਤੇ ਮਨੋਵਿਗਿਆਨਕ ਸਮੱਸਿਆਵਾਂ ਖੜ੍ਹੀਆਂ ਕਰਦਾ ਹੈ। ਚਲੋ ਠੀਕ ਐ ਬੇਟਾ। ਮੈਂ ਆਪਣੀ ਸਮਝ ਅਨੁਸਾਰ ਤੈਨੂੰ ਰਾਏ ਦਿੱਤੀ ਹੈ। ਬਾਕੀ ਜਿਵੇਂ ਤੈਨੂੰ ਤੇ ਤੇਰੇ ਮੰਮੀ ਡੈਡੀ ਨੂੰ ਠੀਕ ਲੱਗੇ, ਉਵੇਂ ਕਰ ਲੈਣਾ।" "ਬਹੁਤ-ਬਹੁਤ ਸ਼ੁਕਰੀਆ ਸਰ। ਤੁਹਾਡੀਆਂ ਕੀਮਤੀ ਰਾਵਾਂ ਲਈ ਮੈਂ ਹਮੇਸ਼ਾ ਤੁਹਾਡੀ ਧੰਨਵਾਦੀ ਰਹਾਂਗੀ।" ਉਹ ਪ੍ਰੋਫ਼ੈਸਰ ਸਾਹਿਬ ਨੂੰ ਸਤਿ ਸ਼੍ਰੀ ਅਕਾਲ ਬੁਲਾ ਕੇ ਲਾਇਬਰੇਰੀ ਦੀਆਂ ਕਿਤਾਬਾਂ ਜਮ੍ਹਾਂ ਕਰਵਾਉਣ ਲਈ ਚਲੀ ਗਈ ਸੀ। ਹੁਣ ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਐੱਮ.ਏ. ਵਿੱਚ ਦਾਖ਼ਲਾ ਲੈ ਲਿਆ ਸੀ। ਹਾਲਾਂਕਿ ਕਪੂਰਥਲੇ ਦੇ ਰਾਹ ਵਿੱਚ ਜਲੰਧਰ ਵੀ ਆਉਂਦਾ ਸੀ, ਜਿੱਥੇ ਐੱਮ.ਏ. ਪੰਜਾਬੀ ਹੋ ਸਕਦੀ ਸੀ। ਲੁਧਿਆਣਾ ਵੀ ਰਾਹ ਵਿੱਚ ਆਉਂਦਾ ਸੀ, ਜਿੱਥੇ ਐੱਮ.ਏ. ਪੰਜਾਬੀ ਕੀਤੀ ਜਾ ਸਕਦੀ ਸੀ। ਪਰੰਤੂ ਉਸ ਨੇ ਕਪੂਰਥਲੇ ਤੋਂ ਪਟਿਆਲੇ ਦੀ ਸਿੱਧੀ ਬੱਸ ਫ਼ੜੀ। ਤੇ ਯੂਨੀਵਰਸਿਟੀ ਜਾ ਕੇ ਦਾਖ਼ਲਾ ਲੈ ਲਿਆ। ਸ਼ਾਇਦ ਪਟਿਆਲੇ ਦਾ ਇਹ ਕੋਈ ਜਾਦੂ ਸੀ, ਜੋ ਉਸ ਨੂੰ ਮੱਲੋਮੱਲੀ ਖਿੱਚ ਪਾ ਰਿਹਾ ਸੀ। ਦੂਜਾ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਕੁਝ ਨਾਮਵਰ ਅਧਿਆਪਕ ਸਨ, ਜਿਨ੍ਹਾਂ ਦੇ ਨਾਵਾਂ ਦੀ ਖਿੱਚ ਪਹਿਲਾਂ ਤੋਂ ਹੀ ਉਹਦੇ ਮਨ ਵਿੱਚ ਬਣੀ ਹੋਈ ਸੀ। ਜਿਨ੍ਹਾਂ ਵਿੱਚੋਂ ਡਾ. ਦਲੀਪ ਕੌਰ ਟਿਵਾਣਾ, ਡਾ. ਰਤਨ ਸਿੰਘ ਜੱਗੀ, ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, ਡਾ. ਕੇਸਰ ਸਿੰਘ ਕੇਸਰ, ਡਾ. ਨਰਿੰਦਰ ਸਿੰਘ ਕਪੂਰ ਅਤੇ ਕੁਝ ਹੋਰ ਨਾਮ ਸਨ। ਯੂਨੀਵਰਸਿਟੀ ਕਲਾਸਾਂ ਲਾਉਂਦਿਆਂ ਉਸ ਨੂੰ ਚਾਰ ਮਹੀਨੇ ਲੰਘ ਗਏ ਸਨ। ਮਾਲੇਰਕੋਟਲਾ ਤੋਂ ਉਹਦੇ ਨਾਲ਼ ਪੜ੍ਹਦੀ ਉਹਦੀ ਸਹੇਲੀ ਸ਼ਹਿਨਾਜ਼ ਦੇ ਵੱਡੇ ਭਰਾ ਅਸਲਮ ਪਰਵੇਜ਼ ਦੀ ਹੁਣੇ-ਹੁਣੇ ਸ਼ਾਦੀ ਹੋਈ ਸੀ। ਅੱਜ ਉਸ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਪਾਰਟੀ ਦੇਣੀ ਸੀ। ਲਗਪਗ ਬਾਰਾਂ ਵਜੇ ਤੱਕ ਸਾਰੇ ਵਿਦਿਆਰਥੀ ਤੇ ਅਧਿਆਪਕ ਇੱਕ ਗੋਲ ਘੇਰਾ ਬਣਾ ਕੇ ਬੈਠ ਗਏ ਸਨ। ਜਦੋਂ ਤੱਕ ਖਾਣ ਪੀਣ ਦਾ ਸਮਾਨ ਆਉਣਾ ਸੀ, ਸਟੇਜ ਸਕੱਤਰ ਜਗਮੋਹਿਨੀ ਨੇ ਗੀਤ ਸੁਣਾਉਣ ਦਾ ਸਿਲਸਿਲਾ ਸ਼ੁਰੂ ਕਰ ਲਿਆ ਸੀ। ਉਸ ਨੇ ਸਭ ਤੋਂ ਪਹਿਲਾਂ ਰੁਪਿੰਦਰ ਦਾ ਹੀ ਨਾਂ ਬੋਲ ਦਿੱਤਾ। ਜਿਵੇਂ ਕਹਿੰਦੇ ਹੁੰਦੇ ਐ ਕਿ ਨੱਚਣ ਵਾਲ਼ੇ ਦੀ ਅੱਡੀ ਨਾ ਰਹਿੰਦੀ, ਤੇ ਗੌਣ ਵਾਲ਼ੇ ਦਾ ਮੂੰਹ। ਗਾਉਣਾ ਤਾਂ ਜਿਵੇਂ ਰੁਪਿੰਦਰ ਦੀ ਰੂਹ ਦੀ ਖ਼ੁਰਾਕ ਸੀ। ਉਂਝ ਵੀ ਕੋਈ ਨਾ ਕੋਈ ਗੀਤ ਗੁਣਗੁਣਾਉਂਦੇ ਰਹਿਣਾ ਉਹਦਾ ਸੁਭਾਅ ਸੀ। ਬਿਨਾਂ ਕਿਸੇ ਝਿਜਕ ਅਤੇ ਸੰਗ ਸੰਕੋਚ ਦੇ ਉਸ ਨੇ ਗਾਉਣਾ ਸ਼ੁਰੂ ਕਰ ਦਿੱਤਾ-

"ਚੜ੍ਹ ਪੀਂਘ ਦੇ ਹੁਲਾਰੇ ਨਾਲ਼ ਗਾਵਾਂ,
ਵੇ ਇੱਕ ਵਾਰੀ ਆ ਜਾ ਹਾਣੀਆ.......,
ਵੇ ਇੱਕੋ ਵਾਰੀ ਆ ਜਾ ਹਾਣੀਆ.......।
ਕੀਹਨੂੰ ਦਿਲ ਦੀਆਂ ਖੋਲ੍ਹ ਸੁਣਾਵਾਂ,
ਵੇ ਇੱਕ ਵਾਰੀ ਆ ਜਾ ਹਾਣੀਆ,
ਵੇ ਇੱਕੋ ਵਾਰੀ ਆ ਜਾ ਹਾਣੀਆ.......।
ਗੁੱਤ ਭੁੜਕੇ ਪਰਾਂਦਾ ਪਾਵੇ ਕਿੱਕਲੀ.....,
ਲੱਖਾਂ ਕਰਕੇ ਬਹਾਨੇ ਘਰੋਂ ਨਿੱਕਲੀ.....।
ਗੁੱਤ ਭੁੜਕੇ ਪਰਾਂਦਾ ਪਾਵੇ ਕਿੱਕਲੀ,
ਲੱਖਾਂ ਕਰਕੇ ਬਹਾਨੇ ਘਰੋਂ ਨਿੱਕਲੀ।
ਕੱਲੀ ਪੀਂਘ ਦੇ ਹੁਲਾਰੇ ਨਾਲ਼ ਗਾਵਾਂ,
ਵੇ ਇੱ ਕ ਵਾਰੀ ਆ ਜਾ ਹਾਣੀਆ........,
ਵੇ ਇੱਕੋ ਵਾਰੀ ਆ ਜਾ ਸੋਹਣਿਆਂ.......,
ਵੇ ਇੱਕੋ ਵਾਰੀ ਆ ਜਾ ਸੋਹਣਿਆਂ.......।
ਗੋਰੀ ਵੀਣੀ ਉੱਤੇ ਵੰਗਾਂ ਸੱਤ ਰੰਗੀਆਂ....,
ਭਾਵੇਂ ਚੰਗੀਆਂ ਢੋਲਾ ਵੇ ਭਾਵੇਂ ਮੰਦੀਆਂ....।
ਗੋਰੀ ਵੀਣੀ ਉੱਤੇ ਵੰਗਾਂ ਸੱਤ ਰੰਗੀਆਂ,
ਭਾਵੇਂ ਚੰਗੀਆਂ ਢੋਲਾ ਵੇ ਭਾਵੇਂ ਮੰਦੀਆਂ।
ਤੇਰੀ ਦੀਦ ਦੀਆਂ ਭੁੱਖੀਆਂ ਨੇ ਬਾਹਵਾਂ.....
,
ਵੇ ਇੱਕ ਵਾਰੀ ਆ ਜਾ ਹਾਣੀਆ...... . ,
ਵੇ ਇੱਕੋ ਵਾਰੀ ਆ ਜਾ ਹਾਣੀਆ........ ।
ਗੁੱਤ ਸੱਪਣੀ ਕਲਾਵਾ ਮਾਰੇ ਲੱਕ ਨੂੰ.... ,
ਲੋਕੀਂ ਵੇਖਦੇ ਬੁੱਲ੍ਹਾਂ 'ਤੇ ਮਲ਼ੇ ਸੱਕ ਨੂੰ.....।
ਗੁੱਤ ਸੱਪਣੀ ਕਲਾਵਾ ਮਾਰੇ ਲੱਕ ਨੂੰ,
ਲੋਕੀਂ ਵੇਖਦੇ ਬੁੱਲ੍ਹਾਂ 'ਤੇ ਮਲ਼ੇ ਸੱਕ ਨੂੰ।
ਬਾਹਵਾਂ ਗੋਰੀਆਂ 'ਚ ਮੁੱਖੜਾ ਲੁਕਾਵਾਂ,
ਵੇ ਇੱਕ ਵਾਰੀ ਆ ਜਾ ਹਾਣੀਆ...... ,
ਵੇ ਇੱਕੋ ਵਾਰੀ ਆ ਜਾ ਹਾਣੀਆ............।
ਵੇ ਇੱਕੋ ਵਾਰੀ ਆ ਜਾ ਹਾਣੀਆ .........।"

ਜਿਉਂ ਹੀ ਗੀਤ ਪੂਰਾ ਹੋਇਆ, ਤਾੜੀਆਂ ਮਾਰ ਕੇ ਸਾਰਿਆਂ ਨੇ ਕੁੜੀ ਦਾ ਭਰਪੂਰ ਸੁਆਗਤ ਕੀਤਾ। ਇਸ ਪਿੱਛੋਂ ਜਗਮੋਹਿਨੀ ਆਪਣੀ ਥਾਂ ਤੋਂ ਉੱਠ ਕੇ ਖਲ੍ਹੋ ਗਈ। ਤੇ ਬੋਲੀ- "ਸਾਥੀਓ! ਮੈਂ ਸਮਝਦੀ ਆਂ ਕਿ ਸਾਡੇ ਵਿਭਾਗ ਵਿੱਚ ਰੁਪਿੰਦਰ ਦੇ ਆਉਣ ਨਾਲ਼ ਸਾਨੂੰ ਇੱਕ ਵਧੀਆ ਕਲਾਕ-ਾਰਾ ਮਿਲ ਗਈ ਹੈ। ਮੈਂ ਅੱਗੇ ਤੋਂ ਵੀ ਇਹੋ ਆਸ ਰੱਖਾਂਗੀ ਕਿ ਉਹ ਸਾਡੇ ਪ੍ਰੋਗਰਾਮਾਂ ਵਿੱਚ ਇਸੇ ਤਰ੍ਹਾਂ ਹਾਜ਼ਰੀ ਲੁਆਉਂਦੀ ਰਹੇਗੀ। ਸਾਥੀਓ! ਮੈਨੂੰ ਲੱਗਦੈ ਕਿ ਆਪਣੀ ਚਾਹ ਤੇ ਖਾਣ ਪੀਣ ਦਾ ਸਮਾਨ ਆਉਣ ਨੂੰ ਕੁਝ ਸਮਾਂ ਹੋਰ ਲੱਗ ਸਕਦੈ। ਮੈਂ ਹੁਣ ਆਪਣੇ ਸੀਨੀਅਰ ਸਾਥੀ ਦਿਲਬਰ ਸਿੰਘ ਨੂੰ ਗੁਜਾਰਿਸ਼ ਕਰਦੀ ਹਾਂ ਕਿ ਉਹ ਵੀ ਆਪਣਾ ਮਨਪਸੰਦ ਗ਼ੀਤ ਸਾਡੇ ਨਾਲ਼ ਸਾਂਝਾ ਕਰਨ।"

ਦਿਲਬਰ ਮੁਸਕੁਰਾ ਕੇ ਆਪਣੀ ਥਾਂ 'ਤੇ ਖੜ੍ਹਾ ਹੋ ਗਿਆ। ਉਸ ਨੇ ਸਾਰਿਆਂ ਵੱਲ ਇੱਕ ਤਰਦੀ ਨਜ਼ਰ ਮਾਰੀ। ਫ਼ਿਰ ਨੌਜਵਾਨ ਪ੍ਰੋ. ਧਰਮਵੀਰ ਸਿੰਘ ਧਾਲੀਵਾਲ ਵੱਲ ਦੇਖ ਕੇ ਕਹਿਣ ਲੱਗਿਆ- "ਸਰ, ਗੀਤ ਥੋੜ੍ਹਾ ਰੁਮਾਂਟਿਕ ਹੈ। ਜੇ ਇਜਾਜ਼ਤ ਹੋਵੇ ਤਾਂ ਪੇਸ਼ ਕਰਾਂ?"

"ਹਾਂ ਹਾਂ ਜਰੂਰ।" ਪ੍ਰੋਫ਼ੈਸਰ ਵੱਲੋਂ ਇਜਾਜ਼ਤ ਮਿਲਣ 'ਤੇ ਮੁੰਡੇ ਨੇ ਗਾਉਣਾ ਸ਼ੁਰੂ ਕੀਤਾ-

"ਕਿਤੇ ਨੀਂ ਤੇਰਾ ਰੁਤਬਾ ਘੱਟਦਾ, ਜੇ ਹੱਸ ਕੇ ਬੁਲਾ ਲਵੇਂ ਕਿੱਧਰੇ!
ਕਿਤੇ ਨੀਂ ਸ਼ਾਨੋਂ ਸ਼ੌਕਤਾਂ ਜਾਂਦੀਆਂ, ਮੁਹੱਬਤਾਂ ਜਤਾ ਲਵੇਂ ਜੇ ਕਿੱਧਰੇ
ਕਿਤੇ ਨੀਂ ਤੇਰਾ ਰੁਤਬਾ ਘੱਟਦਾ, ਜੇ ਹੱਸ ਕੇ ਬੁਲਾ ਲਵੇਂ ਕਿੱਧਰੇ ....
ਚਿਰਾਂ ਪਿੱਛੋਂ ਜਦੋਂ ਅਹਿਸਾਸ ਹੋਣਗੇ,
ਓਦੋਂ ਦਿਲਦਾਰ ਨਹੀਂਓਂ ਪਾਸ ਹੋਣਗੇ।
ਰੰਗਲੇ ਜਹਾਨ ਦੀਆਂ ਰੌਣਕਾਂ 'ਚ ਵੀ,
ਦਿਲ ਕਿਸੇ ਗੱਲ ਤੋਂ ਉਦਾਸ ਹੋਣਗੇ।
ਹਾਲੇ ਵੀ ਕੁਝ ਸੋਚ ਲੈ ਵੇ ਮਹਿਰਮਾਂ,
ਜੇ ਮਨ ਸਮਝਾਅ ਲਵੇਂ ਕਿੱਧਰੇ।
ਹਾਲੇ ਵੀ ਕੁਝ ਸੋਚ ਲੈ ਵੇ ਮਹਿਰਮਾਂ,
ਜੇ ਮਨ ਸਮਝਾਅ ਲਵੇਂ ਕਿੱਧਰੇ,
ਕਿਤੇ ਨੀਂ ਸ਼ਾਨੋਂ ਸ਼ੌਕਤਾਂ ਜਾਂਦੀਆਂ, ਮੁਹੱਬਤਾਂ ਜਤਾ ਲਵੇਂ ਜੇ ਕਿੱਧਰੇ,
ਕਿਤੇ ਨੀਂ ਤੇਰਾ ਰੁਤਬਾ ਘੱਟਦਾ, ਜੇ ਹੱਸ ਕੇ ਬੁਲਾ ਲਵੇਂ ਕਿੱਧਰੇ....
ਸਾਨੂੰ ਸਾਡੀ ਗੱਲ ਦਾ ਜਵਾਬ ਦੇ ਜਾਈਂ,
ਮਹਿੰਗੇ ਅਹਿਸਾਸਾਂ ਦਾ ਹਿਸਾਬ ਦੇ ਜਾਈਂ।
ਜੀਹਦੀ ਪੱਤੀ ਪੱਤੀ ਕੁਰਬਾਨ ਹੋ ਗਈ,
ਸਾਨੂੰ ਓਹੀ ਸਹਿਕਦਾ ਗ਼ੁਲਾਬ ਦੇ ਜਾਈਂ......।
ਇਹ ਮਹਿਕਾਂ ਮੁੜ ਆਉਣੀਆਂ ਨੇ ਮਾਲੀਆ,
ਜੜ੍ਹਾਂ ਨੂੰ ਪਾਣੀ ਪਾ ਲਵੇਂ ਕਿੱਧਰੇ,
ਆਹ ਮਹਿਕਾਂ ਮੁੜ ਆਉਣੀਆਂ ਨੇ ਮਾਲੀਆ,
ਜੜ੍ਹਾਂ ਨੂੰ ਪਾਣੀ ਪਾ ਲਵੇਂ ਜੇ ਕਿੱਧਰੇ,
ਕਿਤੇ ਨੀਂ ਸ਼ਾਨੋਂ ਸ਼ੌਕਤਾਂ ਜਾਂਦੀਆਂ, ਮੁਹੱਬਤਾਂ ਜਤਾ ਲਵੇਂ ਜੇ ਕਿੱਧਰੇ,
ਕਿਤੇ ਨੀਂ ਤੇਰਾ ਰੁਤਬਾ ਘੱਟਦਾ, ਜੇ ਹੱਸ ਕੇ ਬੁਲਾ ਲਵੇਂ ਕਿੱਧਰੇ ....
ਜ਼ਿੰਦਗੀ ਦਾ ਮਾਇਨਾ ਸਾਕਾਰ ਹੋਏਗਾ,
ਜਦੋਂ ਦਿਲ ਕਿਸੇ 'ਤੇ ਨਿਸਾਰ ਹੋਏਗਾ।
ਹਾਲੇ ਤਾਂ ਕਹਾਣੀਆਂ ਦੇ ਵਾਂਗਰਾਂ ਲੱਗੇ,
ਸੱਚ ਲੱਗੂ, ਜਦੋਂ ਇਹ ਪਿਆਰ ਹੋਏਗਾ।
ਕਰੇਂ ਜੇ ਮਿਹਰਬਾਨੀਆਂ ਪਿਆਰਿਆ,
ਆਹ ਦਿਲ ਸੋਹਣੇਂ ਲਾ ਲਵੇਂ ਜੇ ਕਿੱਧਰੇ।
ਕਰੇਂ ਜੇ ਮਿਹਰਬਾਨੀਆਂ ਵੇ ਪਿਆਰਿਆ,
ਆਹ ਦਿਲ ਸੋਹਣੇਂ ਲਾ ਲਵੇਂ ਕਿੱਧਰੇ।
ਕਿਤੇ ਨੀਂ ਸ਼ਾਨੋਂ ਸ਼ੌਕਤਾਂ ਜਾਂਦੀਆਂ, ਮੁਹੱਬਤਾਂ ਜਤਾ ਲਵੇਂ ਜੇ ਕਿੱਧਰੇ,
ਕਿਤੇ ਨੀਂ ਤੇਰਾ ਰੁਤਬਾ ਘੱਟਦਾ, ਜੇ ਹੱਸ ਕੇ ਬੁਲਾ ਲਵੇਂ ਕਿੱਧਰੇ....
ਰਾਂਝਣਾ ਵੇ ਚਾਵ੍ਹਾਂ ਨੂੰ ਗੁਲਾਬੀ ਰੰਗ ਦੇ,
ਨਿੱਤ ਇਹ ਸ਼ਰਾਰਤਾਂ ਕਰਾ ਕੇ ਲੰਘ ਦੇ।
ਕੋਸ਼ਸ਼ਾਂ ਨਾਦਾਨ ਨਾ ਨਾਰਾਜ਼ ਹੋਣ ਵੇ,
ਤਾਂਹੀਓਂ ਤੈਥੋਂ ਐਨਾ ਕੁ ਇਸ਼ਾਰਾ ਮੰਗਦੇ।
ਆਹ ਨੀਵੀਂ ਪਾ ਕੇ ਹੱਸਦੈਂ ਛਬੀਲਿਆ,
ਜੇ ਅੱਖੀਆਂ ਮਿਲਾ ਲਵੇਂ ਕਿੱਧਰੇ,
ਆਹ ਨੀਵੀਂ ਪਾ ਕੇ ਹੱਸਦੈਂ ਛਬੀਲਿਆ,
ਜੇ ਅੱਖੀਆਂ ਮਿਲਾ ਲਵੇਂ..... ਕਿੱਧਰੇ,
ਕਿਤੇ ਨੀਂ ਸ਼ਾਨੋਂ ਸ਼ੌਕਤਾਂ ਜਾਂਦੀਆਂ, ਮੁਹੱਬਤਾਂ ਜਤਾ ਲਵੇਂ ਜੇ ਕਿੱਧਰੇ
ਕਿਤੇ ਨੀਂ ਤੇਰਾ ਰੁਤਬਾ ਘੱਟਦਾ, ਜੇ ਹੱਸ ਕੇ ਬੁਲਾ ਲਵੇਂ ਕਿੱਧਰੇ ...
ਖ਼ਾਬਾਂ ਤੇ ਖ਼ਿਆਲਾਂ ਨੂੰ ਵੀ ਹੁੰਦਾ ਸ਼ੱਕ ਵੇ,
ਜਦੋਂ ਕਿਤੇ ਗੁੱਸੇ 'ਚ ਜਿਤਾਓਣੈਂ ਹੱਕ ਵੇ।
ਰੋਅਬ ਤੇਰੇ ਸਾਨੂੰ ਤਾਂ ਹੈਰਾਨ ਕਰਦੇ,
ਅੱਖਾਂ ਪਾ ਕੇ ਵੇਖੇਂ ਜਦੋਂ ਇਕ ਟੱਕ ਵੇ.....।
ਏਹ ਸੁਪਨੇ ਨੂੰ ਸੁਪਨੇ 'ਚੋਂ ਕੱਢ ਕੇ, ਹਕੀਕਤਾਂ ਬਣਾ ਲਵੇਂ ਕਿੱਧਰੇ,
ਏਹ ਸੁਪਨੇ ਨੂੰ ਸੁਪਨੇ ਚੋਂ ਕੱਢ ਕੇ, ਹਕੀਕਤਾਂ ਬਣਾ ਲਵੇਂ ਕਿੱਧਰੇ,
ਕਿਤੇ ਨੀਂ ਸ਼ਾਨੋਂ ਸ਼ੌਕਤਾਂ ਜਾਂਦੀਆਂ, ਮੁਹੱਬਤਾਂ ਜਤਾ ਲਵੇਂ ਜੇ ਕਿੱਧਰੇ,
ਕਿਤੇ ਨੀਂ ਤੇਰਾ ਰੁਤਬਾ ਘੱਟਦਾ, ਜੇ ਹੱਸ ਕੇ ਬੁਲਾ ਲਵੇਂ ਕਿੱਧਰੇ।"

**(ਚਲਦਾ)**



**ਡਾ. ਇਕਬਾਲ ਸਿੰਘ ਸਕਰੌਦੀ, ਸੰਗਰੂਰ।**
**84276-85020.**

# "ਮਾਂ ਦੀ ਡਿਪਟੀ, ਸਾਕਸ਼ੀ"









ਛੋਟੇ ਹੁੰਦਿਆਂ ਇੱਕ ਇਕਾਂਗੀ ਪੜੀ ਸੀ "ਮਾਂ ਦਾ ਡਿਪਟੀ" ਸ਼ਾਇਦ ਉਨ੍ਹਾਂ ਸਮਿਆਂ ਚ ਸੋਚਿਆ ਵੀ ਨਹੀਂ ਸੀ ਕਿ ਕਿਸੇ ਦਿਨ ਕਿਸੇ ਮਾਂ ਦੀ ਕੋਈ ਡਿਪਟੀ ਧੀ ਵੀ ਹੋਵੇਗੀ ਅਤੇ ਉਹ ਧੀ ਜੋ ਇੱਕ ਦੇਸ਼ ਦੇ ਚੰਗੇ ਸਿਸਟਮ ਅਤੇ ਚੰਗੇ ਸਮਾਜ ਦੀ ਸਿਰਜਣਾ ਲਈ ਆਪਣੀ ਸੇਵਾ ਨਿਭਾ ਰਹੀ ਹੋਵੇਗੀ। ਅੱਜ ਜਦੋਂ ਪੰਜਾਬ ਹੜਾਂ ਦੀ ਮਾਰ ਹੇਠ ਆਇਆ ਹੋਇਆ ਹੈ ਤਾਂ ਇਹ ਮਾਂ ਦੀ ਡਿਪਟੀ ਕੁੜੀ ਹੜ੍ਹ ਪੀੜਤਾਂ ਦੀ ਜ਼ਮੀਨੀ ਪੱਧਰ ਤੇ ਮੱਦਦ ਕਰਨ ਕਰਕੇ ਚਰਚਾ ਵਿੱਚ ਹੈ। ਜਿਸ ਸ਼ਖ਼ਸੀਅਤ ਦੀ ਗੱਲ ਕਰ ਰਹੇ ਹਾਂ ਉਨ੍ਹਾਂ ਦਾ ਪੂਰਾ ਨਾਂ ਸਾਕਸ਼ੀ ਸਾਹਨੀ ਹੈ ਜੋ ਅੱਜ ਕੱਲ੍ਹ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਹਨ ਅਤੇ ਮੈਡਮ ਸਾਕਸ਼ੀ ਸਾਹਨੀ ਦੀ ਤਰੀਫ ਕਰਨੀ ਵੀ ਬਣਦੀ ਹੈ ।ਹਾਲਾਂਕਿ ਬਤੌਰ ਡਿਪਟੀ ਕਮਿਸ਼ਨਰ ਇਹ ਉਹਨਾਂ ਦੀ ਡਿਊਟੀ ਹੈ ਪਰ ਇਸ ਔਖੀ ਘੜੀ ਵਿੱਚ ਜਿਸ ਤਰਾਂ ਉਹ ਆਪ ਜ਼ਮੀਨੀ ਪੱਧਰ ਤੇ ਜਾ ਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਹੜ ਪੀੜਤ ਇਲਾਕੇ ਵਿੱਚ ਕੰਮ ਦੇਖ ਰਹੇ ਹਨ ਅਤੇ ਜਿਸ ਹਲੀਮੀ ਨਾਲ ਉਹ ਲੋਕਾਂ ਵਿਚ ਵਿਚਰ ਰਹੇ ਹਨ ਇਹ ਬਹੁਤ ਘੱਟ ਡਿਪਟੀ ਕਮਿਸ਼ਨਰਾਂ ਵਿੱਚ ਦੇਖਣ ਨੂੰ ਮਿਲਿਆ ਹੈ ।ਮੈਨੂੰ ਕਈ ਵਾਰੀ ਸਮਾਜਿਕ ਕੰਮਾ ਲਈ ਪਟਿਆਲਾ ਵਿਖੇ ਮੈਡਮ ਨੂੰ ਮਿਲਣ ਦਾ ਮੌਕਾ ਮਿਲਿਆ ਅਤੇ ਅਤੇ ਉਨ੍ਹਾਂ ਦੀ ਸਾਦਗੀ ਅਤੇ ਕੰਮ ਕਰਨ ਦੀ ਤੇਜ਼ੀ ਵੇਖ ਕੇ ਚੰਗਾ ਲੱਗਿਆ। ਮੈਡਮ ਵਿੱਚ ਘੁਮੰਡ ਨਾਮ ਦੀ ਕੋਈ ਚੀਜ਼ ਨਹੀਂ ਤੇ ਹਰ ਆਮ ਖਾਸ ਨਾਲ ਸਲਾਹ ਮਸ਼ਵਰਾ ਵੀਂ ਕਰ ਲੈਂਦੇ ਹਨ ।ਉਹ ਆਪਣੇ ਅਧਿਕਾਰੀਆਂ ਨਾਲ ਬੜੇ ਪਿਆਰ ਨਾਲ ਗੱਲ ਕਰਦੇ ਹਨ ਪਰ ਹਰ ਚੀਜ਼ ਉੱਪਰ ਉਹਨਾਂ ਦੀ ਨਜ਼ਰ ਵੀ ਰਹਿਦੀ ਹੈ ।ਇਸ ਵੇਲੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਹੋਣ ਦੇ ਨਾਤੇ ਉਹ ਪਿਛਲੇ ਕਈ ਦਿਨਾਂ ਤੋਂ ਅਜਨਾਲਾ, ਰਾਮਦਾਸ, ਡੇਰਾ ਬਾਬਾ ਨਾਨਕ ਇਲਾਕੇ ਜੋ ਕਿ ਸਭ ਤੋਂ ਵੱਧ ਹੜ ਦੀ ਮਾਰ ਹੇਠ ਆਏ ਹੋਏ ਹਨ, ਵਿਖੇ ਪੂਰਾ ਸਮਾਂ ਬਿਤਾ ਰਹੇ ਹਨ ਅਤੇ ਲੋਕਾਂ ਦੀ ਹਰ ਸੰਭਵ ਮਦਦ ਕਰ ਰਹੇ ਹਨ ।ਉਹ 2014 ਬੈਚ ਦੀ ਆਈ.ਏ.ਐਸ ਅਫ਼ਸਰ ਹਨ ਜੋ ਕਿ ਇਸ ਵੇਲੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਹਨ। ਜਿਥੇ ਪੰਜਾਬ ਹੜਾਂ ਦੀ ਮਾਰ ਹੇਠ ਆਇਆ ਹੋਇਆ ਹੈ ਉਥੇ ਹੀ ਇਸ ਹਲਕੇ ਜਿਹੇ ਸਰੀਰ ਦੀ ਕੁੜੀ ਨੇ ਪੰਜਾਬ ਦੇ ਲੋਕਾਂ ਦਾ ਦਿਲ ਜਿੱਤ ਲਿਆ ਹੈ। ਬਹੁਤ ਹੀ ਘੱਟ ਉਚ ਅਧਿਕਾਰੀ ਅਤੇ ਨੇਤਾ ਹੋਣਗੇ ਜੋ ਬਿਨਾ ਫੋਟੋ ਅਤੇ ਰਾਜਨੀਤੀ ਤੋਂ ਸਮਾਜ, ਲੋਕਾਂ ਅਤੇ ਦੇਸ਼ ਦੀ ਨਿਸ਼ਕਾਮ ਸੇਵਾ ਕਰਦੇ ਹੋਣਗੇ। ਬੇਸ਼ੱਕ ਬਤੌਰ ਡਿਪਟੀ ਕਮਿਸ਼ਨਰ ਇਹ ਉਨ੍ਹਾਂ ਦੀ ਡਿਊਟੀ ਹੈ ਪਰ ਜਿਸ ਤਰੀਕੇ ਨਾਲ ਉਹ ਦਿਲੋਂ ਹੜ ਪੀੜਤਾਂ ਦੀ ਮਦਦ ਕਰ ਰਹੇ ਹਨ ਉਹ ਬਾਕਿਆ ਹੀ ਕਾਬਿਲੇ ਤਾਰੀਫ ਹੈ। ਉਹ ਖੁਦ ਹੜਾਂ ਵਿੱਚ ਫ਼ਸੇ ਲੋਕਾਂ ਤੱਕ ਪਹੁੰਚ ਕਰ ਰਹੇ ਹਨ। ਦਰ ਅਸਲ ਦੇਸ਼ ਦੀ ਸੇਵਾ ਕਰਨ ਦੇ ਜਨੂੰਨ ਨੇ ਹੀ ਉਨ੍ਹਾਂ ਨੂੰ ਆਈ.ਏ.ਐਸ ਬਣਾਇਆ। ਦੇਸ਼ ਦੇ ਵਿਗੜੇ ਸਿਸਟਮ ਅਤੇ ਇਸ ਵਿੱਚ ਬਦਲਾਅ ਦੇ ਜਨੂੰਨ ਨੂੰ ਦੇਖਦਿਆਂ ਸਾਕਸ਼ੀ ਨੇ ਯੂ.ਪੀ.ਐਸ.ਸੀ ਸਿਵਲ ਸਰਵਿਸਿਜ਼ ਇਮਤਿਹਾਨ ਵਿੱਚ ਕਿਸਮਤ ਅਜ਼ਮਾਉਣ ਲਈ ਜ਼ੋਰ ਅਜ਼ਮਾਈ ਕੀਤੀ ਅਤੇ 2012 ਵਿੱਚ ਯੂਪੀਐਸਸੀ ਪਾਸ ਕਰਨ ਦੀ ਪਹਿਲੀ ਕੋਸ਼ਿਸ਼ ਕੀਤੀ। ਉਸ ਸਮੇਂ ਉਹ ਗ੍ਰੈਜੂਏਸ਼ਨ ਦੇ ਚੌਥੇ ਸਾਲ ਦੀ ਪੜ੍ਹਾਈ ਕਰ ਰਹੇ ਸੀ। ਸਾਕਸ਼ੀ ਪਹਿਲੀ ਕੋਸ਼ਿਸ਼ ਵਿੱਚ ਕਾਮਯਾਬ ਨਹੀਂ ਹੋ ਸਕੀ। ਉਹਨਾਂ ਨੇ ਇੱਕ ਵਾਰ ਫਿਰ ਤੋਂ ਤਿਆਰੀ ਸ਼ੁਰੂ ਕਰ ਦਿੱਤੀ। ਇਸ ਵਾਰ ਗੀਤਾਂਜਲੀ ਬ੍ਰੈਂਡਨ ਤੋਂ ਪ੍ਰੇਰਨਾ ਲੈ ਕੇ ਯੂਪੀਐਸਸੀ, 2014 ਵਿੱਚ ਦੇਸ਼ ਵਿੱਚ 6ਵਾਂ ਸਥਾਨ ਹਾਸਿਲ ਕੀਤਾ। ਪਹਿਲਾਂ ਸਾਹਨੀ ਨੂੰ ਪੰਜਾਬ ਦੇ ਲੁਧਿਆਣਾ ਜਿਲ੍ਹੇ ਦੀ ਕਮਾਨ ਸੰਭਾਲੀ ਗਈ ਅਤੇ ਆਪਣੇ ਵੱਖਰੇ ਕੰਮਕਾਜ ਦੇ ਤਰੀਕੇ ਨਾਲ ਅਕਸਰ ਸੁਰਖੀਆਂ 'ਚ ਰਹਿਣ ਵਾਲੀ ਇਸ ਮਹਿਲਾ ਅਧਿਕਾਰੀ ਨੇ ਲੁਧਿਆਣੇ ਦੇ ਲੋਕਾਂ ਤੋਂ ਬਹੁਤ ਹੀ ਪਿਆਰ ਅਤੇ ਸਤਿਕਾਰ ਖੱਟਿਆ ਇਸ ਤੋਂ ਬਾਅਦ ਉਨ੍ਹਾਂ ਨੇ ਪਟਿਆਲਾ ਵਿਖੇ ਬਤੌਰ ਡਿਪਟੀ ਕਮਿਸ਼ਨਰ ਜਿਲ੍ਹੇ ਅੰਦਰ ਸੁਧਾਰ ਕਰਨ ਲਈ ਅਨੇਕ ਕੋਸ਼ਿਸ਼ਾਂ ਕੀਤੀਆਂ। ਉਨ੍ਹਾਂ ਦੀ ਆਪਣੇ ਘਰ ਤੋਂ ਦਫ਼ਤਰ ਤੱਕ ਪੈਦਲ ਜਾਣ ਦੀ ਸੋਚ ਵੀ ਲੋਕਾਂ ਲਈ ਇੱਕ ਚੰਗਾ ਸੁਨੇਹਾ ਬਣੀ। ਸਾਕਸ਼ੀ ਸਾਹਨੀ ਦੀ ਪ੍ਰਵਰਿਸ਼ ਪੰਜਾਬ ਅੰਦਰ ਹੀ ਹੋਈ। ਉਹ ਆਈਏਐਸ ਪਰਿਵਾਰ ਨਾਲ ਸਬੰਧਤ ਹਨ। ਉਨ੍ਹਾਂ ਦੇ ਪਿਤਾ ਦਿੱਲੀ ਦੇ ਸਰਵੋਤਮ ਸੇਵਾ-ਮੁਕਤ ਆਈਏਐਸ ਅਧਿਕਾਰੀ ਹਨ। ਮਾਂ ਸਕੂਲ ਪ੍ਰਿੰਸੀਪਲ ਹਨ। ਭੈਣ ਇੱਕ ਨਾਮੀ ਬੈਂਕ ਵਿੱਚ ਜੌਬ ਕਰਦੀ ਹੈ। ਸਾਕਸ਼ੀ ਨੇ ਆਪਣੀ ਸਕੂਲੀ ਪੜ੍ਹਾਈ ਇੱਕ ਪ੍ਰਾਈਵੇਟ ਸਕੂਲ ਤੋਂ ਸ਼ੁਰੂ ਕੀਤੀ। ਜੀਵਨ ਵਿੱਚ ਮੁੱਢ ਤੋਂ ਹੀ ਝੁਕਾਅ ਕਾਨੂੰਨ ਵੱਲ ਸੀ। 2012 ਵਿੱਚ ਹੈਦਰਾਬਾਦ ਦੀ ਇੱਕ ਯੂਨੀਵਰਸਿਟੀ ਤੋਂ ਬੀਏ ਐਲਐਲਬੀ ਨਾਲ ਗ੍ਰੈਜੂਏਸ਼ਨ ਕੀਤੀ। ਸਾਕਸ਼ੀ 8 ਗੋਲਡ ਮੈਡਲਾਂ ਨਾਲ ਆਪਣੇ ਬੈਚ ਦੀ ਟਾਪਰਾਂ ਵਿੱਚੋਂ ਇੱਕ ਸਨ। ਉਹ ਦਸਦੇ ਹਨ ਕਿ ਉਨ੍ਹਾਂ ਨੂੰ ਦੇਸ਼ ਦੀ ਸੇਵਾ ਕਰਨ ਦੇ ਜਨੂੰਨ ਨੇ ਹੀ ਆਈਏਐਸ ਬਣਾਇਆ ਹੈ। ਹੁਣ ਜਦੋਂ ਪੰਜਾਬ ਦੇ ਮਾਝੇ ਨੂੰ ਹੜ੍ਹਾ ਨੇ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ ਇਹ ਕੁੜੀ ਜਦੋਂ ਟਰੈਕਟਰ ਤੇ ਜਾਂ ਪੈਦਲ ਹੀ ਲੋਕਾਂ ਵਿੱਚ ਰਾਸ਼ਨ ਵੰਡ ਰਹੀ ਹੁੰਦੀ ਹੈ ਤਾਂ ਕਈ ਹੜ੍ਹ ਪੀੜਤ ਲੋਕ ਉਨ੍ਹਾਂ ਦੇ ਜਜ਼ਬੇ ਨੂੰ ਦੇਖਕੇ ਭਾਵੁਕ ਹੋ ਜਾਂਦੇ ਹਨ ਉਹ ਦਸਦੇ ਹਨ ਕਿ ਸਾਡੀਆਂ ਅੱਧੀਆਂ ਮੁਸ਼ਕਿਲਾਂ ਇਨ੍ਹਾਂ ਦੇ ਸਾਹਸ ਭਰੇ ਜਜ਼ਬੇ ਨੂੰ ਦੇਖ ਹੀ ਦੂਰ ਹੋ ਜਾਂਦੀਆਂ ਹਨ। ਕਈ ਬਜ਼ੁਰਗਾਂ ਉਨ੍ਹਾਂ ਨੂੰ ਆਸ਼ੀਰਵਾਦ ਦੇਖਕੇ ਆਖ ਰਹੇ ਹਨ ਕਿ ਇਨ੍ਹਾਂ ਨੂੰ ਦੇਖਕੇ ਸਾਡੇ ਵਿੱਚ ਵੀ ਹੌਂਸਲੇ ਵੱਧ ਜਾਂਦੇ ਹਨ। ਕਈ ਹੜ੍ਹ ਪੀੜਤ ਲੋਕਾਂ ਦਾ ਕਹਿਣਾ ਹੈ ਕਿ ਇਹ ਬਾਕੀ ਲੋਕਾਂ ਲਈ ਵੀ ਰੋਲ ਮਾਡਲ ਹਨ ਹੜ੍ਹ ਪੀੜਤਾਂ ਦਾ ਮੰਨਣਾ ਹੈ ਕਿ ਬਾਕੀ ਰਾਜਨੀਤਕ ਪਾਰਟੀਆਂ ਅਤੇ ਨੇਤਾਵਾਂ ਨੂੰ ਵੀ ਇਨ੍ਹਾਂ ਤੋਂ ਸੀਖ ਲੈਣੀ ਚਾਹੀਦੀ ਹੈ ਹੜਾਂ ਤੇ ਰਾਜਨੀਤੀ ਕਰਨ ਦੀ ਬਜਾਏ ਜ਼ਮੀਨੀ ਪੱਧਰ ਤੇ ਅਤੇ ਦਿਲੋ ਹੜ੍ਹ ਪੀੜਤ ਪਰਿਵਾਰਾਂ ਦੀ ਮੱਦਦ ਕਰਨੀ ਚਾਹੀਦੀ ਹੈ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਮੈਡਮ ਸਾਕਸ਼ੀ ਸਾਹਨੀ ਨੂੰ ਸਲੂਟ ਤਾਂ ਬਣਦਾ ਹੈ।







ਕੁਲਦੀਪ ਸਿੰਘ ਸਾਹਿਲ
9417990040

# ਸਰਬੱਤ ਦਾ ਭਲਾ

















ਬੀਤੇ ਕੱਲ੍ਹ 31/8/25 ਭਾਰੀ ਬਾਰਿਸ਼ ਹੋਣ ਦੇ ਬਾਵਜੂਦ ਵੀ ਹਲਕਾ ਚੱਬੇਵਾਲ ਦੇ ਪਿੰਡ ਬੋਹਣ ਵਿਖੇ ਡਾ. ਬੀ.ਆਰ.ਅੰਬੇਡਕਰ ਵੈਲਫੇਅਰ ਸੁਸਾਇਟੀ ਵੱਲੋਂ ਕੇਡਰ ਕੈਂਪ ਜੰਜ ਘਰ ਬੋਹਣ ਲਗਾਇਆ ਗਿਆ ਜੋ ਕਿ ਲਗਾਤਾਰ ਤਿੰਨ ਘੰਟੇ ਕੈਡਰ ਕੈਂਪ ਚੱਲਿਆ ਜਿਸ ਵਿੱਚ ਪੁਰਖਿਆਂ ਦਾ ਇਤਿਹਾਸ, ਰਾਜਨੀਤਿਕ ਹਾਲਾਤਾਂ ਬਾਰੇ ਵਿਚਾਰ ਵਟਾਂਦਰਾ ਹੋਇਆ ਨੋਜਵਾਨਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਬੁਲਾਰੇ ਸ. ਅਮਨਦੀਪ ਸਿੰਘ ਸਿੱਧੂ ਬਾੜੀਆਂ ਕਲਾਂ ਵਾਲੇ ਵਿਸ਼ੇਸ਼ ਤੌਰ ਤੇ ਇਸ ਕੇਡਰ ਕੈਂਪ ਨੂੰ ਚਾਰ ਚੰਦ ਲਾਉਣਗੇ। ਹਲਕਾ ਚੱਬੇਵਾਲ ਹੋ ਰਹੀ ਧੱਕਾਸ਼ਾਹੀ, ਲਾਮਬੰਦ ਹੋਣ ਲਈ ਪ੍ਰੇਰਿਤ ਕੀਤਾ। ਕੇਡਰ ਕੈਂਪ ਪ੍ਰਬੰਧ ਮਾਣਯੋਗ ਰਜਿੰਦਰ ਭਾਟੀਆ ਰਿਟਾਇਰਡ ਡਾਇਰੈਕਟਰ ਪੀਐਨਬੀ ਆਰਸੇਟੀ ਅਤੇ ਨੋਜਵਾਨਾਂ ਸ਼ਮੂਲੀਅਤ ਕੀਤੀ ਅਤੇ ਪ੍ਰਣ ਕੀਤਾ ਕੀ ਫੂਲੇ ਸ਼ਾਹੂ ਅੰਬੇਡਕਰ ਮੂਵਮੈਂਟ ਨੂੰ ਸਮਾਜ ਵਿੱਚ ਪਹਿਚਾਉਣ ਲਈ ਤੱਤਪਰ ਰਹਾਂਗੇ। ਆਓ ਇਕ ਝੰਡਾ ਇਕ ਨੇਤਾ, ਇਕ ਵਿਚਾਰਧਾਰਾ ਹੇਠ ਇਕੱਠੇ ਹੋਏ। ਇਸ ਮੌਕੇ ਚਰਨਜੀਤ ਸਿੰਘ ਬਾਹੋਵਾਲ, ਤਰਲੋਚਨ ਸ਼ਰੀਫ਼ ਬਾੜੀਆਂ ਜੀ ਵਿਸ਼ੇਸ਼ ਤੌਰ ਤੇ ਪਹੁੰਚੇ।

**(ਸ. ਅਮਨਦੀਪ ਸਿੰਘ ਸਿੱਧੂ ਬਾੜੀਆਂ ਫੂਲੇ ਸ਼ਾਹੂ ਅੰਬੇਡਕਰੀ ਕਾਰਜਕਰਤਾ), ਮੋਬਾਈਲ ਨੰਬਰ– 94657–54037**

# ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਵੱਲੋਂ ਬੌਕਸਿੰਗ ਦੇ ਜੇਤੂ ਖਿਡਾਰੀ ਨੂੰ ਸਨਮਾਨਿਤ ਕੀਤਾ ਗਿਆ





**ਜਲੰਧਰ (ਪਰਮਜੀਤ ਜੱਸਲ )**–ਅੱਜ ਬੁੱਧ ਵਿਹਾਰ ਸੋਫੀ ਪਿੰਡ ਵਿਖੇ "ਬੌਕਸਿੰਗ ਖੇਡ ਮੁਕਾਬਲੇ' ਵਿੱਚੋਂ ਤੀਜੇ ਸਥਾਨ 'ਤੇ ਆਏ ਮਿੰਟਗੁਮਰੀ ਖਾਲਸਾ ਸੀਨੀ. ਸੈਕੰਡਰੀ ਸਕੂਲ, ਜਲੰਧਰ ਕੈਂਟ ਵਿੱਚ ਅੱਠਵੀਂ ਕਲਾਸ ਦੇ ਵਿਦਿਆਰਥੀ ਅਦਿੱਤਿਆ ਨੂੰ ਬੁੱਧ ਵਿਹਾਰ ਟਰੱਸਟ ਵੱਲੋਂ ਪੰਚਸ਼ੀਲ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕਰਨ ਸਮੇਂ ਐਡਵੋਕੇਟ ਹਰਭਜਨ ਸਾਂਪਲਾ, ਚਮਨ ਸਾਂਪਲਾ, ਡਾਕਟਰ ਗੁਰਪਾਲ ਚੌਹਾਨ, ਰਜਤ ਅਤੇ ਨਰੇਸ਼ ਸਾਂਪਲਾ ਹਾਜ਼ਰ ਸਨ। ਹਰਭਜਨ ਸਾਂਪਲਾ ਵੱਲੋਂ ਵਿਦਿਆਰਥੀ, ਮਾਪਿਆਂ ਅਤੇ ਅਧਿਆਪਕਾਂ ਨੂੰ ਬੌਕਸਿੰਗ ਖੇਡ ਮੁਕਾਬਲੇ ਵਿੱਚੋਂ ਤੀਸਰੀ ਪੁਜੀਸ਼ਨ ਹਾਸਿਲ ਕਰਨ 'ਤੇ ਵਧਾਈ ਐਡਵੋਕੇਟ ਦਿੱਤੀ ਹੈ।

# ਭਾਦੋਂ ਝੜੀ ਦਾ ਮੌਸਮ

ਸਫਾਈਆਂ ਵਾਲੀ ਦਾ ਸੁਨੇਹਾ ਆਇਆ, "ਅੱਜ ਕੰਮ ਤੇ ਨ੍ਹੀਂ ਆਉਣਾ"। ਕੋਠਾ ਉਨ੍ਹਾਂ ਦਾ ਕੱਚਾ ਸੀ, ਲੈਂਟਰ ਹੈ ਪਾਉਣਾ। ਕੱਲ ਤੋਂ ਬਰਸਾਤ ਹਟੀ ਨਹੀਂ, ਅਸੀਂ ਸੋਚੀਏ ਲੈਂਟਰ ਕਿਵੇਂ ਪਊਗਾ? ਜਾਂ ਤਾਂ ਕੋਈ ਝੂਠਾ ਬਹਾਨਾ ਲੱਭੂ, ਜਾਂ ਕੰਮ ਤੇ ਆਉਣਾ ਪਊਗਾ। ਇੱਕ ਦਿਨ ਦੀ ਮੋਹਲਤ ਤਾਂ ਜਾਇਜ਼ ਹੈ, ਉਸ ਤੋਂ ਉੱਪਰ ਉਜਰਤ ਕਟੇਗੀ। ਉਸਨੂੰ ਵੀ ਫਿਕਰ ਹੈ,ਭਾਦੋਂ ਚੰਦਰੀ ਕਦੋਂ ਸਟੇਗੀ। ਭਾਦੋਂ ਤਾਂ ਪਹਿਲਾਂ ਹੀ ਬਦਨਾਮ ਹੈ, ਜਾਂ ਤਾਂ ਬਰਸਦੀ ਨ੍ਹੀਂ, ਜੇ ਬਰਸਦੀ ਹੈ ਤਾਂ ਬਰਸ ਬਰਸ ਕੇ ਬੌਲੀ ਹੋ ਜਾਂਦੀ ਹੈ। ਭਾਦੋਂ ਵਿਛੋੜਿਆਂ ਲਈ ਵੀ ਬਦਨਾਮ ਹੈ।

ਪੰਜਾਬ ਹਰਿਆਣਾ, ਜਿੱਥੇ ਪਹਿਲਾਂ ਪਾਣੀਆਂ ਪਿੱਛੇ ਲੜਦੇ ਰਹਿੰਦੇ ਸੀ ਅਸੀਂ ਵਾਧੂ ਪਾਣੀ ਨਹੀਂ ਦੇਣਾ, ਹਰਿਆਣੇ ਵਾਲੇ ਕਹਿੰਦੇ ਸੀ ਅਸੀਂ ਸਤਲੁਜ ਵਿੱਚੋਂ ਆਪਣੇ ਹਿੱਸੇ ਦਾ ਪਾਣੀ ਲੈ ਕੇ ਹਟਾਂਗੇ। ਇੰਦਰ ਦੇਵਤਾ ਇਨਾ ਮਿਹਰਬਾਨ ਹੋਇਆ ਕਿ ਪਿਛਲੇ 37 ਸਾਲ ਦਾ ਰਿਕਾਰਡ ਤੋੜ ਕੇ, ਹੜ੍ਹ ਲਿਆ ਕੇ, ਜਲ ਥਲ ਕੀ ਕੀਤਾ, ਪਿੰਡਾਂ ਦੇ ਪਿੰਡ, ਮਾਲ ਡੰਗਰ, ਫਸਲਾਂ ਡੋਬ ਕੇ, ਬਾਕੀ ਇਲਾਕਿਆਂ ਤੋਂ ਵੀ, ਅਪਹੁੰਚ ਕਰ ਦਿੱਤਾ। ਹਰਿਆਣੇ ਵਿੱਚ ਯਮੁਨਾ ਨਦੀ ਦੇ ਨਾਲ ਨਾਲ ਫਰੀਦਾਬਾਦ ਤੱਕ ਤਬਾਹੀ ਲਿਆ ਦਿੱਤੀ ਹੈ। ਦੋਨੋਂ ਸਟੇਟਾਂ ਸ਼ਾਂਤ ਹਨ, ਹੁਣ ਕੋਈ ਵਾਧੂ ਪਾਣੀ ਲੈਣ ਦੀ ਗੱਲ ਨ੍ਹੀਂ ਕਰ ਰਿਹਾ। ਡੈਮ, ਬੰਨ੍ਹ ਓਵਰਫਲੋ ਹੋ ਕੇ ਟੁੱਟਣ ਦੀ ਸਥਿਤੀ ਵਿੱਚ ਹਨ। ਧੁਸੀ ਬੰਨ੍ਹ ਤਾਂ ਟੁੱਟ ਵੀ ਗਿਆ ਹੈ। ਭਾਖੜਾ ਡੈਮ ਦੇ ਫਲੱਡ ਗੇਟ ਖੋਲ ਦਿੱਤੇ ਗਏ ਹਨ ਜਿਸਨੇ ਤਬਾਹੀ ਦਾ ਸੀਨ ਬਣਾ ਦਿੱਤਾ ਹੈ। ਮਾਝੇ, ਦੁਆਬੇ ਅਤੇ ਪੱਛਮੀ ਮਾਲਵੇ ਦਾ ਘਾਣ ਕਰ ਦਿੱਤਾ ਹੈ। ਕਿਸ਼ਤੀਆਂ ਦੁਆਰਾ ਲੋੜਵੰਦਾਂ ਨੂੰ ਰਸਦ ਪਹੁੰਚਾਈ ਜਾ ਰਹੀ ਹੈ। ਉਬਰਾਏ ਵਰਗੇ ਦਾਨੀ ਸੱਜਣਾਂ ਨੇ ਪੀੜਤਾਂ ਦੀ ਵੱਡੇ ਪੱਧਰ ਤੇ ਮਾਲੀ ਇਮਦਾਦ ਕੀਤੀ ਹੈ ਅਤੇ ਸਮਾਜ ਸੇਵੀ ਸੰਸਥਾਵਾਂ ਬਹੁਤ ਵੱਡਾ ਯੋਗਦਾਨ ਪਾ ਰਹੀਆਂ ਹਨ। ਇਸ ਔਖੇ ਵਕਤ ਦੀ ਘੜੀ ਵਿੱਚ, ਕਿਸਾਨ ਜਥੇਬੰਦੀਆਂ ਵੀ ਮੂਹਰਲੀ ਕਤਾਰ ਵਿੱਚ ਹਨ। ਪਰਮਾਤਮਾ ਕਰੇ ਸਾਰੇ ਸੁਰੱਖਿਤ ਰਹਿਣ।



ਇਹ ਵਰਤਾਰਾ ਇਕੱਲੇ ਪੰਜਾਬ ਹਰਿਆਣੇ ਦਾ ਹੀ ਨਹੀਂ, ਬਾਕੀ ਸੂਬਿਆਂ ਵਿੱਚ ਵੀ ਬਹੁਤ ਬੁਰਾ ਹਾਲ ਹੈ। ਵਿਸ਼ਾ ਮਾਹਰ ਦੱਸਦੇ ਹਨ, ਪੁਰਾਣੇ ਸਮਿਆਂ ਵਿੱਚ ਦਰਿਆ ਅਪਣੀ ਚਾਲੇ ਚਲਦੇ, ਸਮੁੰਦਰਾਂ ਵਿੱਚ ਜਾ ਡਿਗਦੇ ਤੇ ਡੈਲਟਾ ਬਣਾਉਂਦੇ ਸਨ। ਪਿੰਡਾਂ ਵਿੱਚ ਬਾਰਿਸ਼ ਦੇ ਪਾਣੀ ਨੂੰ ਵੱਡੇ ਵੱਡੇ ਟੋਭਿਆਂ, ਢਾਬਾਂ ਵਿੱਚ ਜਮਾਂ ਕਰਕੇ ਵਰਤ ਲਿਆ ਜਾਂਦਾ ਸੀ। ਪਰ ਸਮੇਂ ਨਾਲ, ਬੰਦਿਆਂ ਦੇ ਲਾਲਚ ਨੇ ਇਹ ਸਾਰੇ ਕੁਦਰਤੀ ਪਾਣੀ ਨੂੰ ਜਮਾਂ ਕਰਨ ਦੇ ਸੋਮੇ ਖਤਮ ਕਰ ਦਿੱਤੇ। ਨਦੀਆਂ, ਨਾਲੇ, ਚੋਅ, ਕੰਟਰੋਲ ਕਰਕੇ ਉਨਾਂ ਦਾ ਕੁਦਰਤੀ ਵਹਾਅ ਖਤਮ ਕਰ ਦਿੱਤਾ। ਉਨ੍ਹਾਂ ਦੇ ਖਾਲੀ ਖੇਤਰ ਵਿੱਚ ਸਬਜ਼ੀਆਂ ਤੇ ਫਸਲਾਂ ਉਗਾਉਣੀਆਂ ਸ਼ੁਰੂ ਕਰ ਦਿੱਤੀਆਂ। ਉਪਰਲੇ ਪਹਾੜੀ ਖੇਤਰਾਂ ਵਿੱਚ, ਜੰਗਲਾਤ ਕੱਟ ਕੇ, ਰਿਹਾਇਸ਼ੀ ਖੇਤਰ ਬਣਾ ਲਏ। ਕੁਦਰਤ ਨਾਲ ਛੇੜਛਾੜ ਦਾ ਨਤੀਜਾ ਤਾਂ ਭੁਗਤਣਾ ਹੀ ਪੈਂਦਾ ਹੈ। ਪਹਾੜਾਂ ਦੇ ਪਹਾੜ, ਨੰਗੇ ਹੋਣ ਨਾਲ ਢਿੱਗਾਂ ਡਿੱਗਣ ਲੱਗੀਆਂ। ਪਾਣੀ ਦਾ ਵਹਾਅ, ਤੇਜ਼ੀ ਨਾਲ ਥੱਲੇ ਮੈਦਾਨਾਂ ਵਿੱਚ,ਆ ਕੇ ਬੁਰੀ ਤਰ੍ਹਾਂ, ਮਾਰ ਕਰਨ ਲੱਗਿਆ ਜਿਸ ਦਾ ਨਤੀਜਾ ਸਾਡੇ ਸਾਹਮਣੇ ਹੀ ਹੈ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639**



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com